# ਧੰਨ ਦਰਸ਼ਨ

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਦਾ ਭਲਾ।

## ਗੀਤ

ਮਾਹਰਾਜ਼ ਦਰਸ਼ਨ ਦਾਸ ਜੀ ਕਾ ਦਾਸ

ਦਾਸ ਲਛਮਣ ਦਾਸ

# ਭਾਗ ਪਹਿਲਾ

## ਗੀਤ

ਮਾਹਰਾਜ਼ ਦਰਸ਼ਨ ਦਾਸ ਜੀ ਕਾ ਦਾਸ

ਦਾਸ ਲਛਮਣ ਦਾਸ

i

# ਤਤਕਰਾ


ਐ ਲੇਖ ਔਰ ਕਲਾਮ ਲਿਖਨੇ ਵਾਲੇ 1
ਤੂੰ ਆ ਜਾ ਜਹਾਂ, ਮੇਰੇ ਸਾਹਮਨੇ 2
ਸਾਰੇ ਜਹਾਂ ਮੇਂ ਪਾਕ ਤੇਰਾ ਨਾਂ 3
ਮਿਤਵਾ - ਵੇ ਮਿਤਵਾ 4
ਸੋਲਾ ਫਰਵਰੀ ਨੂੰ ਦਾਸ ਧਰਮ 5
ਮੇਰੇ ਮਾਹੀ ਦੇ ਗਲ 'ਚ' ਗਾਨੀ 6
ਬਸੰਤ ਆਏ ਬਸੰਤ ਜਾਏ 7
ਕਰਦਾ ਏ ਦਿਲ ਮੇਰਾ 8
ਸੁਤੀ ਰਹਿ ਗਈ ਮੈਂ 9
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ 10
ਜਾ ਕੇ ਦਸੋ ਮਾਹਰਾਜ਼ 11
ਗੁਰੂ ਦਰਸ਼ਨ ਮੋਹੇ ਹਲਾਰੇ ਦਿੰਦਾ 12
ਮੇਰੇ ਗੁਰੂ ਦਰਸ਼ਨ ਪਿਆਰੇ 13
ਜਿਤਨਾ ਦੀਆ ਹੈ ਗੁਰੂ 14
ਤੇਰੀ ਆਸ ਪਰ ਬੇੜੀ ਠੇਲ ਦਿਤੀ 15
ਦਰਸ਼ਨਾ - ਤੂੰ ਦਿਤਾ ਨਾ ਸੁਰਨਾਵਾਂ 16
ਰੱਬਾ ਤੇਰਾ ਕਿਹੜਾ ਮੁਲ ਲਗਦਾ 17
ਰੱਬਾ ਤੇਰਾ ਲੱਖ ਲੱਖ ਸ਼ੁਕਰ ਮਨਾਵਾਂ 18
ਢੋਲਾ ਵੇ ਪੈ ਗਏ ਨੇ ਫੁਲ ਕਪਾਹੀ 19
ਮੁਝੇ ਸੇਜ ਸੇ ਨਾ ਉਠਾਓ 20
ਸੋਹਣਿਆ ਨਾਲ ਯਰਾਨਾ ਪਾ ਕੇ 21

| | |
|---|---|
| ਝੱਟ ਕਟਣੇ ਹੋ ਗਏ ਔਖੇ | 22 |
| ਸਜਨਾ ਨਾ ਸਹੀ ਜਾਂਦੀ | 23 |
| ਕਾਵਾਂ ਉਦੋਂ ਬੋਲੀ ਸਾਡੇ ਬਨੇਰੇ | 24 |
| ਮੁਰਸ਼ਿਦ ਕੀ ਮਹਿਫਲ ਮੇਂ | 25 |
| ਆ ਜਾ ਵੇ ਆ ਜਾ ਮਾਹੀ | 26 |
| ਮੁਕੀ ਗੱਲ ਨਾ ਮਾਹੀ ਨਾਲ ਮੇਰੀ | 27 |
| ਮੇਰੇ ਦਰਸ਼ਨ ਮਾਹੀ ਦਾ ਰੂਪ ਇਲਾਹੀ | 28 |
| ਐਸੇ ਤੇਰੀ ਯਾਦ ਦਿਲ ਕੋ ਸਤਾਤੀ ਹੈ | 29 |
| ਤੇਰੀ ਯਾਦ ਮੇਂ ਨੈਂਣਾ ਅਥਰੂ ਡੋਲੇ | 30 |
| ਹਮ ਸੇ ਨਾ ਰੁਠੋ ਪੀਆ | 31 |
| ਤੁਧ ਬਿਨ ਪੀਆ ਹਮ ਜੀ ਤੋ ਰਹੇ ਹੈਂ | 32 |
| ਜਦੋਂ ਯਾਦ ਸੱਜਨਾ ਦੀ ਆਈ | 33 |
| ਦਸਵੀਂ ਗਲੀ 'ਚ' ਮੋਰਾ | 34 |
| ਪੀਆ ਕੀ ਲੋਨੀ ਨਗਰੀ | 35 |
| ਇਕ ਨਵੰਬਰ ਉਨੀ ਸੌ ਚੌਰਾਸੀ | 36 |
| ਮਾਹਰਾਜ਼ ਜੀ ਔਰ ਮਾਹਰਾਣੀ ਜੀ ਦੇ | 37 |
| ਹਮ ਹੋ ਗਏ ਬਦਨਾਮ | 38 |
| ਸਦਕੇ ਜਾਵਾਂ ਉਹਨਾਂ ਰਾਹਾਂ ਤੋ | 39 |
| ਦਰਸ਼ਨ ਤੇਰੇ ਬਾਗ 'ਚ' ਖਿੜੇ | 40 |
| ਗੁਰੂ ਦਰਸ਼ਨ ਤੇਰੇ ਨਾਮ ਕੇ ਦੀਵਾਨੇ | 41 |
| ਮਹਿਲਾ 'ਚ' ਵਸਣ ਵਾਲੀਆ | 42 |
| ਹਮ ਨੇ ਜਿੰਦਗੀ ਮੇਂ ਬੋਏ ਹੈ ਕਾਂਟੇ | 43 |
| ਕਿਸ ਕੋ ਹਾਲ ਸੁਣਾਏ | 44 |

| | |
|---|---|
| ਆ ਜਾ ਤੁਝ ਕੋ ਪੁਕਾਰ ਤਰਾ ਦਾਸ | 45 |
| ਨੈਂਣਾ ਦੇ ਆਖੇ ਲਗ ਕੇ | 46 |
| ਅਸਾਂ ਪੈਰੋਂ ਮੇਂ ਬਾਂਧੇ ਘੁੰਗਰੂ | 47 |
| ਮਾਹੀ ਵੇ ਸਾਨੂੰ ਮਿਠੇ ਲਗਦੇ ਤੇਰੇ ਬੋਲ | 48 |
| ਮੈਂ ਵੋਹ ਫੂਲ ਹੂੰ | 49 |
| ਸਜਨਾ ਨਹੀਉ ਲੱਗਦਾ ਦਿਲ ਮੇਰਾ | 50 |
| ਰੋ ਰੋ ਕੇ ਪੁਕਾਰਾ ਦਿਨੇ ਰਾਤ ਮੈਂ | 51 |
| ਸੁਣ ਅਰਜੋਈ ਮਾਹਰਾਜ਼ ਜੀ | 52 |
| ਹੀਰ ਆਖਦੀ ਕਾਜ਼ੀਆ ਵੇ . | 53 |
| ਮੁਰਸ਼ਿਦ ਕੀ ਯਾਦ ਅਜੀਬ ਯਾਦ ਹੈ | 54 |
| ਅਖਾਂ ਰੁਕਣ ਨਾ ਕੇਰਨ ਅਥਰੂ | 55 |
| ਮਾਏ ਨੀ ਮਾਏ ਉਹਾਂ ਨਿਰਾਕਾਰ | 56 |
| ਆ ਜਾ ਵੇ ਮਾਹੀਆ ਏਨੀ ਦੇਰ | 58 |
| ਮਾਹੀ ਮੇਰਾ ਕਣ ਕਣ ਮੇਂ ਵੱਸਦਾ ਏ | 59 |
| ਤੁਝੇ ਭੁਲਾਨਾ ਚਾਹਾ ਭੁਲਾ ਨਾ ਪਾਏ | 60 |
| ਚਿਠੀ ਆਈ ਸੱਜਨਾ ਦੀ | 61 |
| ਤੇਰੇ ਡੇਰੇ ਦੀ ਧੂੜ ਚੁਕ ਕੇ | 62 |
| ਮਾਹੀ ਮੇਰਾ ਰੱਬ ਵਰਗਾ | 63 |
| ਪੈ ਗਿਆ ਵੇ ਢੋਲਾ ਹੁਣ ਅੰਬੀਆ | 64 |
| ਜਦੋਂ ਮੇਨਕਾ ਦਾ ਪਿਆ ਚਮਕਾਰਾ | 65 |
| ਯਾਰਾ ਵੇ ਤੂੰ ਕਿਉ ਜਾ ਕੇ ਬੈਹ ਗਿਆ | 66 |
| ਮਾਹੀ ਵੇ ਮਾਹੀ ਆ ਗਈ ਬਸੰਤ ਬਹੇਰ | 67 |
| ਕਿਸਨੇ ਤੁਝੇ ਇਤਨਾ ਹਸੀਂ ਬਣਾਇਆ | 68 |
| ਜਦੋਂ ਯਾਦ ਸਜਨਾ ਦੀ ਆਈ ਪਲਸੇਟੇ | 69 |
| ਤੇਰੇ ਚਮਨ ਦੇ ਰੰਗ ਰੰਗੀਲੇ | 70 |

ਸੋਹਣੇ ਦਿਲ ਵਾਲਿਆ 71
ਆ ਜਾ ਰੇ ਆ ਜਾ ਪੀਆ 72
ਜਦੋਂ ਯਾਦ ਤੇਰੀ ਆਏ 73
ਮੈਂ ਤੇਰੀ ਜੋਗਨ ਵੇ ਤੂੰ ਮੇਰਾ ਜੋਗੀ 74
ਤੁਧ ਬਿਨ ਸੱਖਣਾ ਵਿਹੜਾ ਹੋਇਆ 75
ਚੰਨ ਵੇ ਮੈਂ ਤੇਰੀਆ ਸੁਗਾਤਾ 76
ਮੇਰੇ ਦਿਲ ਜਾਨੀਆ ਦਿਲ ਦੁਖਦਾ ਏ 77
ਸੋਹਣਾ ਮੇਰਾ ਸੋਹਣਾ ਸੋਹਣਿਆ ਚੋਂ 78
ਜਦੋਂ ਯਾਦ ਸੱਜਣਾ ਦੀ ਆਈ ਬਿਰਹੋਂ ਨੇ 79
ਸੱਜਣਾ ਦੀ ਚਿਠੀ ਆਈ 80
ਅਸਾਂ ਤੈਨੂੰ ਰੱਬ ਮੰਨਿਆ ਮੇਰੇ ਯਾਰਾ 81
ਆਇਓ ਰੇ ਜੋਤੀ ਦਿਵਸ ਆਇਓ ਰੇ 82
ਓਹ ਦਿਲਾ ਦਿਆ ਜਾਨੀਆ 83
ਬਟਾਲੇ ਜਨਮ ਲੈ ਕੇ ਓਹ ਕਰੇ ਲੀਲਾ 84
ਇੰਗਲੈਡ ਦੇ ਕੋਨੇ ਕੋਨੇ 85
ਯਾਰਾ ਓਹ ਯਾਰਾ ਮੇਰੇ ਸੋਹਣਿਆ 86
ਤੂੰ ਸੀ ਪੂਰਾ ਮੈਂ ਨਹੀਂ ਸੀ ਪੂਰੀ 87
ਮਾਏ ਨੀ ਮਾਏ ਮੈਂ ਕਿਹੜਾ ਜੁਲਮ 88
ਮੈਂ ਭੁਲ ਗਈ ਆ ਵੇ ਮੈਂ ਭੁਲ ਗਈਆ 89
ਘੂੰਗਟ ਚੋਂ ਤੂੰ ਨਾ ਵੇਖ ਯਾਰਾ 90
ਜਵਾਨੀ ਵੇਲੇ ਮਾਹੀ ਮੈਨੂੰ ਛੱਡ ਪ੍ਰਦੇਸ 91
ਢੋਲਾ ਵੇ ਮੋਹੇ ਤੁਝ ਸੇ ਹੋ ਗਿਆ 92
ਪਹਿਲੀ ਵਾਰੀ ਜਦੋਂ ਤੇਰੀ 93
ਸਾਬਣ ਲਾ ਕੇ ਧੋਤਾ ਕੋਲੇ ਨੂੰ 94
ਲਗੀਆਂ ਨੇ ਮੌਜਾਂ ਹੁਣ 95
ਆ ਜੇ ਆ ਜਾ ਢੋਲਾ 96
ਪੂਰਨ ਭਗਤ 97

(1)

"ਧੰਨ ਦਰਸ਼ਨ"

'ਬੇਨਤੀ - ਵੀਰਵਾਰ 6 - 7 - 1995'

ਐ ਲੇਖ ਔਰ ਕਲਾਮ ਲਿਖਨੇ ਵਾਲੇ,
ਲਿਖਤ ਕੋ ਸਚ ਕਰ ਦਿਖਾਓ,
ਕਿਉਕਿ ਦਾਸ ਸ਼ੱਕ ਕਰਟੇ ਨੇ, ਤੇਰੀ ਲਿਖਤ ਪਰ।
ਤੂੰ ਸਚ ਕਰ ਦੇ, ਜੋ ਲਿਖਾ ਹੈ ਡਾਇਰੀ ਪਰ।

ਅਬ ਤਕ ਮੈਂ ਨੇ ਮਾਂਗਾ ਹੈ, ਅਪਨੇ ਲੀਏ।
ਅਬ ਮਾਂਗਤਾ ਹੂੰ,
ਮਾਹਰਾਣੀ ਪਾਲੀ ਦਰਸ਼ਨ ਦਾਸ ਕੇਲੀਏ।

ਮਾਹਰਾਣੀ ਪਾਲੀ ਦਰਸ਼ਨ ਦਾਸ ਕਹਾ,
ਔਰ ਹੈ ਕਿਤਾਬੋਂ ਮੇਂ।
ਅਬ ਲਿਖਤ ਕੋ ਸਚ ਕਰ ਵਿਖਾਓ, ਕੋਰਟ ਮੇਂ।

ਤੂੰ ਸੱਚ ਥਾ, ਸੱਚ ਹੈ, ਔਰ ਸੱਚ ਹੀ ਰਹੇਗਾ।
ਸੱਚ ਕੋ ਸੱਚ ਕਰ ਦਿਖਾਓ,
ਲਛਮਣ ਬਾਰ ਬਾਰ ਕਹੇਗਾ।

ਸ਼ੁਕਰਵਾਰ 7-7-1995 ਕੋ ਜੱਜ ਰਿਚਰਡ ਮੈਡਕ ਨੇ ਫੈਸਲਾ ਮਾਹਾਰਾਣੀ ਪਾਲੀ ਦਰਸ਼ਨ ਦਾਸ ਜੀ ਕੇ ਹਕ ਮੇਂ ਕਰ ਦੀਆ। ਆਪਣੀ ਲਿਖੀ ਹੂਈ ਡਾਇਰੀ ਕੋ ਮਾਹਰਾਜ਼ ਦਰਸ਼ਨ ਦਾਸ ਜੀ ਨੇ ਸੱਚ ਕਰ ਦੀਆ।

## "ਧੰਨ ਦਰਸ਼ਨ"

ਤੂੰ ਆ ਜਾ ਜਹਾਂ, ਮੇਰੇ ਸਾਹਮਣੇ ਆ ਕੇ ਬੈਂਹ ।
ਤੂੰ ਨਾਸ਼ਰਮਾ ਮੇਰੇ ਸਾਹਮਣੇ, ਘੁੰਡ ਉਤਾਰ ਕੇ ਬੈਂਹ ।

ਤੂੰ ਪੜਦੇ ਮੇਂ, ਕੁਛ ਬੋਲ ਨ ਪਾਏ,
ਸ਼ਰਮ ਭਰਮ ਕੇ ਪੜਦੇ ਕੋ, ਲਾਹ ਕੇ ਬੈਂਹ ।

ਤੂੰ ਨੇ ਜਿਸ ਤਰ੍ਹਾਂ ਅਬ ਤਕ, ਰਾਖੀ ਹੈ ਮੋਰੀ ਲਾਜ਼,
ਕਿਆਮਤ ਤਕ ਲਾਜ਼ ਰਖਨੇ ਕਾ,
ਵਾਇਦਾ ਕਰ ਕੇ ਬੈਂਹ ।

ਲਛਮਣ ਤੋ ਦੀਵਾਨਾ ਹੈ, ਤੇਰਾ ਗੁਰੂ ਦਰਸ਼ਨ,
ਮੇਰੇ ਸਾਹਮਣੇ, ਸ਼ੋਲਾ ਸ਼ਿੰਗਾਰ ਕਰ ਕੇ ਬੈਂਹ ।

(3)

"ਧੰਨ ਦਰਸ਼ਨ"

ਸਾਰੇ ਜਹਾਂ ਮੇਂ ਪਾਕ, ਤੇਰਾ ਨਾਂ ਦਰਸ਼ਨ।
ਕਿਨਾ ਪਿਆਰਾ ਕਿਨਾ ਮਿਠਾ, ਤੇਰਾ ਨਾਂ ਦਰਸ਼ਨ।
ਸਭ ਤੋਂ ਸੱਚਾ, ਸੱਭ ਤੋਂ ਸੁੱਚਾ, ਤੇਰਾ ਨਾਂ ਦਰਸ਼ਨ।
ਸਭ ਕੁਛ ਪਾਏ ਜੋ ਧਿਆਏ, ਤੇਰਾ ਨਾਂ ਦਰਸ਼ਨ।

ਚੜਿਆ ਸੱਤ ਦਿਸੰਬਰ, ਉਨੀ ਸੌ ਤਰਵੰਜਾ ਦਾ ਦਿਨ ਲੋਕੋ,
ਅਰਸ਼ਾਂ ਤੋਂ ਆਣ, ਚੰਨ ਫੇਰਾ ਪਾਇਆ ਏ।
ਜਾਗੇ ਭਾਗ ਬਟਾਲੇ ਵਾਲੀ ਧਰਤੀ ਦੇ,
ਪ੍ਰਭੂ ਨੇ ਦਰਸ਼ਨ ਰੂਪ ਵਟਾਇਆ ਏ।

ਦਿਲ ਨਾ ਲਗੇ ਹਜ਼ੂਰ ਦਾ ਮਹਿਬੂਬ ਵਾਂਝੋ,
ਕਾਸਿਦ ਹੱਥ ਸੁਨੇਹਾ, ਪੁੰਹਚਾਇਆ ਏ।
ਸੁਣ ਸੁਨੇਹਾ ਸੋਹਣੇ ਯਾਰ ਦਾ,
ਆਦਿ ਸ਼ਕਤੀ ਨੇ ਆਉਣ ਦਾ, ਮਤਾ ਬਣਾਇਆ ਏ।

ਚੜਿਆ ਸੱਤ ਦਿਸੰਬਰ ਉਨੀ ਸੌ ਚਰੰਜਾ ਦਾ ਦਿਨ ਲੋਕੋ,
ਆਦਿ ਸ਼ਕਤੀ ਨੇ ਭੇਸ਼ ਵਟਾ ਕੇ,
ਮਾਹਰਾਣੀ ਪਾਲੀ ਦਰਸ਼ਨ ਦਾਸ, ਨਾਮ ਰਖਾਇਆ ਏ।
ਹਰ ਹਰ ਪਾਸੇ ਜੈ - ਜੈ ਕਾਰ ਹੋਈ,
ਦੇਵਤਿਆ ਨੇ ਫੁੱਲਾ ਦਾ, ਮੀਂਹ ਵਰਸਾਇਆ ਏ।

ਦੋ ਕਲਬੂਤ ਇਕ ਜੋਤ ਲਛਮਣ, ਰੱਬੀ ਇਲਹਾਮ ਸੁਣਾਇਆ ਏ।
ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ,
ਵਿਚ ਆਪਣਾ ਆਪ ਛੁਪਾਇਆ ਏ।

(4)

## "ਧੰਨ ਦਰਸ਼ਨ"

ਮਿਤਵਾ - ਵੇ-ਵਿਤਵਾ ।
ਤੁਧ ਬਿਨ ਨਾ ਲਾਗੇ, ਮੋਰਾ ਚਿਤਵਾ ।
ਆ ਜਾ, ਆ ਗਈ, ਬਸੰਤ ਰੁਤ ਵੇ ।

ਜਦੋਂ ਦਾ ਤੂੰ, ਪ੍ਰਦੇਸ ਗਿਆ ।
ਉਦੋਂ ਤੋਂ ਹਸਣਾ, ਭੁੱਲ ਗਿਆ ।
ਨਿਗਾਹ ਟਿਕੀ, ਬੂਹੇ ਤੇ, ਮੇਰੀ ਵੇ ।

ਤੇਰੇ ਵਿਛੋੜੇ 'ਚ', ਦਿਲ ਕੁਰਲ਼ਾਂਦਾ ਏ ।
ਦਿਲ ਦੀਆਂ ਸੱਧਰਾਂ ਨੂੰ, ਦਿਲ ਬੁਲਾਂਦਾ ਏ ।
ਭਿਜ ਗਿਆ ਰੁਮਾਲ, ਨਾਲ ਹੰਝੂਆ ਵੇ ।

ਵੇਖੋ ਨੀ ਸਖੀ, ਕਿਸ ਕੁੰਡਾ ਖੜਕਾਇਆ ਏ ।
ਕੁੰਡਾ ਖੋਲਿਆ, ਕਾਸਦ ਖੱਤ ਫੜਾਇਆ ਏ. ।
ਪੜ ਕੇ ਮੈਂ ਖੱਤ ਨੱਚੀ, ਪੱਬਾ ਭਾਰ ਵੇ।

ਖੱਤ ਪੜਦੀ ਅਖੀਂ. ਕਿਸੇ, ਹੱਥ ਰਖਿਆ ।
ਹਥ ਹਟਾਇਆ ਮਾਹੀ, ਦਰਸ਼ਨ ਦਿਸਿਆ ।
ਅਜਲਾਂ ਬਾਦ ਹੋਈ ਲਛਮਣ, ਸੁਹਾਗਣ ਵੇ ।

## "ਧੰਨ ਦਰਸ਼ਨ"

ਸੋਲਾ ਫਰਬਰੀ ਨੂੰ, ਦਾਸ ਧਰਮ ਦਾ ਦਿਵਸ ਆਏ ।
ਮੰਗਣ ਮੰਗਤੇ, ਸਚਖੰਡ ਨਾਨਕ ਧਾਮ ਆਏ ।

ਕੋਈ ਦੁਧ ਮੰਗੇ, ਕੋਈ ਪੁੱਤ ਮੰਗੇ,
ਕੋਈ ਮੰਗਣ ਤੁਝ ਸੇ, ਤੁਝ ਕੋ ਆਏ ।

ਕਈ ਕਰਨ ਫਰਿਆਦਾ, ਤੈਨੂੰ ਮਿਲਨੇ ਦੀਆਂ,
ਉਨਕੋ ਸੁਫਨੇ ਮੇਂ ਤੂੰ, ਦਰਸ਼ਨ ਦੇਣ ਆਏ ।

ਸਾਰਾ ਸਾਲ ਖੁਸ਼ੀਆ ਨਾਲ ਗੁਜਰੇ,
ਦਾਸ ਇਹੀ ਤੇਥੋਂ ਮੰਗਣ ਆਏ ।

ਕੱਲਿਆ ਕਲੇਸ਼ ਦੀ, ਬੀਮਾਰੀ ਨ ਲਗੇ,
ਹਕੀਮ ਦਰਸ਼ਨ ਪਾਸ, ਇਲਾਜ਼ ਕਰਾਉਣ ਆਏ ।

ਲਛਮਣ ਕਿਹੜਾ ਕਿਹੜਾ, ਰਬ ਦਾ ਭੇਤ ਦੱਸੇ,
ਕਦੇ ਮਾਹਰਾਜ਼, ਕਦੇ ਮਾਹਰਾਣੀ ਬਣ ਕੇ,
ਭਵਸਾਗਰ ਪਾਰ ਕਰਾਉਣ ਆਏ ।

## "ਧੰਨ ਦਰਸ਼ਨ"

ਮੇਰੇ ਮਾਹੀ ਦੇ ਗਲ 'ਚ' ਗਾਨੀ ।
ਸਾਰੀ ਦੁਨੀਆਂ ਉਸਦੀ ਦੀਵਾਨੀ ।
ਮੈਂ ਤੇਰੀ, ਪੁਜਾਰਨ ਵੇ ।

ਮੇਰੇ ਮਾਹੀ ਦੇ ਕੰਨੀ, ਕੱਚ ਦੀਆ ਮੁੰਦਰਾਂ,
ਉਹਨਾਂ ਮੁੰਦਰਾਂ ਚੋਂ ਤੇਰਾ ਮੂੰਹ ਦਿਸਦਾ ।
ਜਿਧਰ ਜਿਧਰ ਵੀ ਮੈਂ ਵੇਖਾ,
ਉਧਰ ਉਧਰ ਤੂੰਹੀ ਤੂੰ ਦਿਸਦਾ ।
ਉਹ ਮੇਰਾ ਕ੍ਰਿਸ਼ਨ, ਮੁਰਾਰੀ ਵੇ ।

ਮੇਰੇ ਮਾਹੀ ਦੇ, ਸਿਰ ਦਸਤਾਰ,
ਲੋਕੀ ਆਖਦੇ. ਮਾਹਰਾਜ਼ ਮਾਹਰਾਜ਼ ।
ਮੈਂ ਤੇਰੇ ਚਰਨਾਂ ਤੇ, ਸਿਰ ਰਖਿਆ,
ਗੁਨਾਹ ਬੱਖਸ਼ ਦੇ ਮਾਹਰਾਜ਼ ।
ਉਠਾਉ ਮੋਹੇ, ਗਿਰਧਾਰੀ ਵੇ ।

ਮੋਰੇ ਮਾਹੀ ਦੇ, ਸੋਹਵੇ ਮੱਥੇ ਤਿਲਕ,
ਸੋਹਣਾ ਮਨਮੋਹਣਾ ਉਸ ਦਾ, ਰੂਪ ਨੀ ਸਈਉ ।
ਲਛਮਣ ਕੀ ਦੇਵੇ, ਮਿਸਾਲ ਬੇਮਿਸਾਲ ਦੀ,
ਮੇਰੇ ਦਰਸ਼ਨ ਪੀਆ, ਜੈਸਾ ਨਾ ਦੋ ਜਹਾਂ ਮੇਂ ਸਈਉ ।
ਮੋਰਾ ਬਾਂਕੇ ਬਿਹਾਰੀ ਵੇ ।

(7)

## "ਧੰਨ ਦਰਸ਼ਨ"

ਬਸੰਤ ਆਏ, ਬਸੰਤ ਜਾਏ,
ਤੁਧ ਬਿਨ ਲਾਗੇ ਨ ਮੋਰਾ ਜੀਆ ।
ਸੱਜਣਾ ਪਾ ਜਾ ਇਕ ਫੇਰਾ ।

ਸਦੀਆਂ ਬੀਤੀਆ, ਗਲ ਲੱਗਿਆ ਨੂੰ,
ਤੇਰੇ ਤੇ ਨਾ ਕੋਈ, ਜੋਰ ਮੇਰਾ ।

ਕਲੇਜੇ 'ਚ' ਹੁੰਦੀ ਏ, ਬ੍ਰਿਹੋ ਦੀ ਪੀੜ,
ਤੇ ਇਹ ਪੀੜ, ਬਣੀ ਏ ਫੋੜਾ ।

ਸਾਰੇ ਬਣ ਗਏ, ਲਛਮਣ ਦੇ ਵਿਰੋਧੀ,
ਜਬ ਸੇ ਪੀਆ ਕਾ ਪ੍ਰਦੇਸ ਬਸੇਰਾ ।

## "ਧੰਨ ਦਰਸ਼ਨ"

"ਮਾਹਰਾਣੀ ਪਾਲੀ ਦਰਸ਼ਨ ਦਾਸ ਜੀ"

ਕਰਦਾ ਏ ਦਿਲ ਮੇਰਾ, ਮੈਂ ਤੈਨੂੰ ਵੇਖੀ ਜਾਂਵਾ,
ਤੁਝ ਮੇਂ ਮੇਰਾ, ਦਰਸ਼ਨ ਦਿਸਦਾ ।

ਇਕ ਪੱਲ ਵੀ ਨਾ, ਨਜਰੇ ਉਠਾਂਵਾ,
ਤੁਝ ਮੇਂ ਮੇਰਾ, ਦਰਸ਼ਨ ਦਿਸਦਾ ।

ਤੂੰ ਹੈ ਜਗਤ ਜਨਨੀ, ਵੋਹ ਹੈ ਜਗਤ ਪਿਤਾ,
ਕਭੀ ਵੋਹ ਜਗਤ ਜਨਨੀ, ਕਭੀ ਤੂੰ ਪਿਤਾ ਦਿਸਦਾ ।

ਮਾਹਰਾਜ਼ ਜੀ ਤੂੰ ਹੀ, ਮੁਝ ਮੇਂ ਵੱਸ ਕੇ,
ਸੇਵਕਾ ਦੇ ਦੁਖ, ਕੱਟਦਾ ਦਿਸਦਾ ।

ਕਹਿ ਲਛਮਣ ਮਾਹਰਾਜ਼ ਔਰ,
ਮਾਹਰਾਣੀ ਪਾਲੀ ਦਰਸ਼ਨ ਦਾਸ ਮੇਂ,
ਕੋਈ ਨਹੀਂ ਭੇਤ ਦਿਸਦਾ ।

(੭)

"ਧੰਨ ਦਰਸ਼ਨ"

'ਸੁਤੀ ਰਹਿ ਗਈ ਮੈਂ ਗੂੜੀ ਨੀਂਦੇ,
ਰਕੀਬ ਮੇਰਾ ਯਾਰ ਲੈ ਗਏ।
ਨੀਂਦੇ ਤੂੰ ਕੀਤੀ ਬੇਬਫਾਈ,
ਰਕੀਬ ਮੇਰਾ ਯਾਰ ਲੈ ਗਏ।

ਯਾਰ ਨਾਲ ਸੀ ਮੇਰੀਆ ਬਹਾਰਾ।
ਯਾਰ ਬਿਨਾ ਨਾ ਕੋਈ ਗੁਜਾਰਾ।
ਸੰਗੀ ਸਾਥੀ ਸਾਥ ਛੱਡ ਗਏ।

ਪੂਨੂੰ ਪੂੰਨੂ ਪੁਕਾਰੇ ਸੱਸੀ।
ਇਕ ਮੁਸਾਫਿਰ ਨੇ ਇਹ ਗੱਲ ਦੱਸੀ।
ਪੂਨੂੰ ਨੂੰ ਬਲੋਚ ਲੈ ਗਏ।

ਕਿਧਰ ਨੂੰ ਲੈ ਗਏ, ਦੱਸ ਵੇ ਮੁਸਾਫਿਰ।
ਦਿਲ ਨਾ ਲਗੇ ਬਿਨ ਹਮਸਫਰ।
ਰੋ ਰੋ ਅਖਾਂ ਚੋ੍ ਹੰਝੂੰ ਮੁਕ ਗਏ।

ਮੇਰੀ ਗੱਲ ਨੂੰ ਸੁਣ ਵੇ ਰੱਬਾ।
ਲਾਹ ਦੇ ਮੇਰੇ ਕਲੰਕ ਦਾ ਧੱਬਾ।
ਝੂਠੇ ਜਿਤ ਬਾਜੀ ਲੈ ਗਏ।

ਯਾਰ ਮਿਲਾ, ਦਿਲ ਨੂੰ ਤਸੱਲੀ ਹੋਈ।
ਦੋ ਕਲਬੂਤ ਇਕ ਜੋਤ ਹੋਈ।
ਲਛਮਣ ਸੱਸੀ ਪੂਨੂੰ ਅਮਰ ਹੋ ਗਏ।

## "ਧੰਨ ਦਰਸ਼ਨ"

ਮਾਹਰਾਣੀ ਪਾਲੀ ਦਰਸ਼ਨ ਦਾਸ ਕੀ, ਮਹਿਫਲ ਕੋ,
ਮਾਹਰਾਜ਼ ਦਰਸ਼ਨ ਦਾਸ ਜੀ, ਸਜਾਤੇ ਹੈਂ ।
ਆਤੇ ਹੈਂ ਜਹਾਂ ਵੋਹ, ਜਿਨ੍ਹੇਂ ਗੁਰੂ ਦਰਸ਼ਨ ਬੁਲਾਤੇ ਹੈਂ ।

ਜਿਨਕਾ ਜਹਾਂ, ਕੋਈ ਨਹੀਂ ਹੋਤਾ,
ਉਨ੍ਹੇਂ ਗੁਰੂ ਦਰਸ਼ਨ, ਸੀਨੇ ਸੇ ਲਗਾਤੇ ਹੈਂ ।

ਸਾਕੀ ਦਰਸ਼ਨ ਨੇ, ਖੋਲ ਰਖਾ ਹੈ ਮਹਿਖਾਨੇ ਕੋ,
ਭਰ ਭਰ ਕੇ ਨਾਮ ਕਾ ਜਾਮ, ਦ੍ਰਿਸ਼ਟੀ ਸੇ ਪਿਲਾਤੇ ਹੈਂ ।

ਦੁਖੀਂਓ ਕੇ ਦੁਖ, ਹਰਤੇ ਹੈਂ ਗੁਰੂ ਦਰਸ਼ਨ,
ਜਬ ਪਿਆਰ ਸੇ, ਦੁਖਿਆਰੋਂ ਕੋ ਦੇਖਤੇ ਹੈਂ ।

ਸਾਰੇ ਖਜਾਨੋਂ ਕੇ ਮਾਲਕ ਹੈ, ਮਾਹਰਾਣੀ ਜੀ ਲਛਮਣ,
ਦਾਸੋਂ ਪੇ ਵੋਹ ਰਹਿਮਤ ਕੀ, ਵਰਸ਼ਾ ਵਰਸਾਤੇ ਹੈਂ ।

## "ਧੰਨ ਦਰਸ਼ਨ"

ਜਾ ਕੇ ਦੱਸੋ, ਮਾਹਰਾਜ਼ ਦਰਸ਼ਨ ਦਾਸ ਜੀ ਨੂੰ,
ਕਿਸ ਤਰ੍ਹਾਂ ਪਈ ਏ ਜੱਗ ਅੰਦਰ, ਤੇਰੇ ਨਾਮ ਕੀ ਧੁੰਮ ।

ਆਪ ਨੇ ਮੋਹੇ, ਪਿਆਰ ਕੇ ਰੰਗ ਮੇਂ ਰੰਗਾ,
ਨਹੀਂ ਪੁੱਛਾ ਕਿਸ, ਖਾਨਦਾਨ ਕੇ ਹੋ ਤੁਮ ।

ਆਪ ਨੇ ਨਹੀਂ ਪੁਛਿਆ, ਮੈਨੂੰ ਦਾਸ ਬਣਾਉਣ ਲਗਿਆ,
ਕਿਸ ਕਬੀਲੇ ਔਰ, ਜਾਤ ਕੇ ਹੋ ਤੁਮ ।

ਆਪ ਨੇ ਨਹੀਂ ਪੁੱਛਿਆ ਮੈਨੂੰ,
ਬਾਬਾ ਜੀ ਬਣਾਉਣ ਲਗਿਆ,
ਕਿਤਨੀ ਔਰ ਕਿਸ ਪਰਬਤ ਪਰ,
ਭਗਤੀ ਕਰੀ ਹੋ ਤੁਮ ।

ਲਛਮਣ ਕੋ ਗੁਰੂ ਦਰਸ਼ਨ ਨੇ,
ਚਿਕੜ ਸੇ ਉਠਾਕਰ ਗਲੇ ਲਗਾਇਆ,
ਨਹੀਂ ਪੁਛਿਆ ਕਿਸ, ਗਨਾਹ ਕੇ ਭਰੇ ਹੋ ਤੁਮ ।

## "ਧੰਨ ਦਰਸ਼ਨ"

ਗੁਰੂ ਦਰਸ਼ਨ ਮੋਹੇ, ਹਲਾਰੇ ਦਿੰਦਾ ।
ਮੂੰਹ ਚੜ੍ਹ ਕੇ, ਯਾਰ ਬਲੇਂਦਾ ।

ਗੁਰੂ ਦਰਸ਼ਨ, ਮੇਰਾ ਹਮਦਰਦੀ ।
ਉਸਦੀ ਚਲੇ, ਹਰ ਥਾਂ ਮਰਜੀ ।
ਦਾਸ ਇਹੋ ਕਹੇਂਦਾ ।

ਗੁਰੂ ਦਰਸ਼ਨ ਕਾ, ਸ.ਚਖੰਡਿ ਵਾਸਾ ।
ਵਹਾਂ ਬੈਠ ਕਰ, ਵੇਖੇ ਤਮਾਸ਼ਾ ।
ਹਰ ਹਰ ਕੋ, ਪਿਆਰ ਵੰਡੇਂਦਾ ।

ਗੁਰੂ ਦਰਸ਼ਨ ਕੀ, ਯਾਰੀ ਗੂੜੀ ।
ਹਰ ਗੱਲ ਹੋਵੇ, ਉਸਦੀ ਪੂਰੀ ।
ਵੋਹ ਜੋ ਚਾਹਵੇ ਕਰੇਂਦਾ ।

ਗੁਰੂ ਦਰਸ਼ਨ ਦੀਆਂ, ਜੱਗ ਉਤੇ ਧੁੰਮਾ ।
ਚਰਨਾਂ ਤੇਰਿਆ ਨੂੰ, ਬਾਰ ਬਾਰ ਚੁੰਮਾ ।
ਚੜ੍ਹ ਜਾਏ ਖੁਮਾਰੀ, ਲਛਮਣ ਕਹੇਂਦਾ ।

## "ਧੰਨ ਦਰਸ਼ਨ"

ਮੇਰੇ ਗੁਰੂ ਦਰਸ਼ਨ ਪਿਆਰੇ ।
ਜਾਂਵਾ ਮੈ ਤੇਰੇ, ਵਾਰੇ ਵਾਰੇ ।

ਮੇਰੇ ਦਿਲ ਮੇਂ, ਖੁਸਖੁਸ ਹੋਵੇ ।
ਤੇਰੀ ਦੀਦ ਸੇ, ਮੇਰੀ ਈਦ ਹੋਵੇ ।
ਕਬ ਹੋਂਗੇ ਦਰਸ ਤੁਮਾਰੇ ।

ਮਾਹੀ ਤੇਰਾ ਰੂਪ ਇਲਾਹੀ ।
ਕੱਟਦੇ ਮੇਰੀ ਚੌਰਾਸੀ ਕੀ ਫਾਹੀ ।
ਖੱਤਮ ਕਰਦੇ ਭੈ ਪਿਆਰੇ ।

ਪੀਆ ਮੈਂ ਪ੍ਰਦੇਸਣ ਹੋਈ ।
ਤੁਧ ਬਿਨ ਮੇਰਾ ਨਾ ਕੋਈ ।
ਮੈਂ ਜੀਂਦੀ ਤੇਰੇ ਸਹਾਰੇ ।

ਤੇਰਾ ਪਿਆਰ ਮੇਰਾ, ਅਨਮੋਲ ਖਜਾਨਾ ।
ਮੈਂ ਤੇਰਾ ਮੰਗਤਾ, ਤੇਰਾ ਦੀਵਾਨਾ ।
ਲਛਮਣ ਆਇਆ ਦਰ ਤੁਮਾਰੇ ।

## "ਧੰਨ ਦਰਸ਼ਨ"

ਜਿਤਨਾ ਦੀਆ ਹੈ, ਗੁਰੂ ਦਰਸ਼ਨ ਨੇ,
ਉਤਨੀ ਮੇਰੀ ਓਕਾਤ ਨਹੀਂ ।

ਯੇਹ ਤੋ ਕਰਮ ਹੈ, ਗੁਰੂ ਦਰਸ਼ਨ ਕਾ,
ਵਰਨਾ ਮੁਝ ਮੇਂ ਤੋ, ਕੋਈ ਬਾਤ ਨਹੀਂ ।

ਐ ਮਾਂਗਨੇ ਵਾਲੇ ਮਾਂਗ ਲੇ,
ਗੁਰੂ ਦਰਸ਼ਨ ਕਾ ਦਰਬਾਰ,
ਕਭੀ ਬੰਦ ਹੋਤਾ ਨਹੀਂ ।

ਦਿਲ ਮੇਂ ਖੁਸ਼ੀ ਕੀ, ਲਹਿਰ ਆ ਜਾਏ,
ਗੁਰੂ ਦਰਸ਼ਨ ਕੇ ਨਾਮ ਸੇ,
ਤਮੰਨਾ ਹੈ ਮੇਰੀ ਯੇਹ, ਖੁਸ਼ੀ ਕਭੀ ਜਾਏ ਨਹੀਂ ।

ਕੈਸੇ ਸ਼ੁਕਰਿਆ ਅਦਾ ਕਰੇਂ, ਗੁਰੂ ਦਰਸ਼ਨ ਕਾ,
ਲਛਮਣ ਪਾਸ ਕੋਈ ਅਲਫਾਜ਼ ਨਹੀਂ ।

## "ਧੰਨ ਦਰਸ਼ਨ"

ਤੇਰੀ ਆਸ ਪਰ, ਬੇੜੀ ਠੇਲ ਦਿਤੀ,
ਇਸਨੂੰ ਪਾਰ ਲੰਘਾਈ, ਦਰਸ਼ਨ ।

ਸ਼ਰਾਬੀ ਮੰਗਦੇ ਸ਼ਰਾਬ, ਸਾਕੀ ਤੋਂ,
ਮੈਨੂੰ ਨਾਮ ਦਾ ਜਾਮ, ਪਲਾਈ ਦਰਸ਼ਨ ।

ਕੋਈ ਭੰਗ, ਅਫੀਮ, ਚਰਸ ਦਾ ਨਸ਼ਾ ਕਰਦੇ,
ਮੈਨੂੰ ਨਾਮ ਖੁਮਾਰੀ ਦਾ, ਨਸ਼ਾ ਚੜਾਈਂ ਦਰਸ਼ਨ ।

ਹਨੇਰੀ ਆਵਣ ਤੇ, ਬ੍ਰਿਛ ਵਾਂਗੂੰ ਡੋਲਾ,
ਵਿਸ਼ੈ ਵਿਕਾਰਾਂ ਦੀ, ਹਨੇਰੀ ਤੋਂ ਬਚਾਈ ਦਰਸ਼ਨ ।

ਲਛਮਣ ਭੋਲਾ ਭਾਲਾ, ਤੇ ਹੈ ਕਮਲਾ ਰਮਲਾ,
ਸਦਾ ਮੇਹਰ ਦਾ ਹੱਥ, ਰੱਖੀ ਦਰਸ਼ਨ ।

## "ਧੰਨ ਦਰਸ਼ਨ"

ਦਰਸ਼ਨਾ - ਤੂੰ ਦਿਤਾ ਨਾ ਸੁਰਨਾਵਾਂ ।
ਦਸ ਮੈਂ ਚਿਠਿਆ, ਕਿਧਰ ਨੂੰ ਪਾਵਾਂ ।

ਲੋਕੀ ਮੈਨੂੰ ਪੁਛਦੇ, ਤੇਰਾ ਟਿਕਾਣਾ ।
ਦਾਸ ਆਖੇ ਨਾਮ ਜਪੋ, ਜੇ ਪਤਾ ਲਗਾਣਾ ।
ਦੱਸ ਹੋਰ ਕੀ ਮੈਂ ਬਤਾਵਾਂ ।

ਅਜੀ ਪੁਜੀ ਦਾਸ ਮੈਨੂੰ ਤੇਰੇ ਬਾਰੇ ਪੁਛਦੇ ।
ਨਾ ਬੋਲਾ ਕੁਛ ਤਾਂ ਉਹ, ਬਿਟ ਬਿਟ ਤੱਕਦੇ ।
ਦੱਸ ਮੈਂ ਕੀ ਸਮਝਾਵਾਂ ।

ਯਾਦ ਤੇਰੀ ਵਿਚ, ਨੈਂਣਾ ਚੋਂ ਨੀਰ ਨਹੀਂ ਥੰਮਦਾ ।
ਆ ਜਾ ਪ੍ਰਦੇਸੀਆ, ਤੇਰੇ ਬਾਝੋਂ ਦਿਲ ਨਹੀਂ ਲੱਗਦਾ ।
ਛਾਇਆ ਕਾਲੀਆ ਘਟਾ ਦਾ ਪਰਛਾਵਾਂ ।

ਇਸ ਤੱਤੜੀ ਦੇ ਆ ਜਾ ਵਿਹੜੇ ।
ਮੁਕਾ ਦੇ ਸੱਭ, ਝੱਗੜੇ ਝੇੜੇ ।
ਲਛਮਣ ਕੋ ਦਿਸਣ, ਤੇਰੀਆ ਰਾਹਵਾਂ ।

(17)

"ਧੰਨ ਦਰਸ਼ਨ"

ਰੱਬਾ ਤੇਰਾ ਕਿਹੜਾ, ਮੁੱਲ ਲੱਗਦਾ,
ਮੇਰਾ ਰੁਸਿਆ ਯਾਰ ਮਨਾ ਦੇ ।

ਮੇਰਾ ਯਾਰ ਏ ਰੰਗ ਰੰਗੀਲਾ ।
ਉਸ ਵਰਗਾ ਨਾ ਕੋਈ, ਛੈਲ ਛਬੀਲਾ ।
ਮੈਂ ਕਰਾ ਇੰਤਜਾਰ ।

ਯਾਰ ਹੁੰਦਾ ਏ, ਹਮਦਰਦੀ ।
ਉਸਦੀ ਹੁੰਦੀ ਏ ਮਰਜੀ ।
ਮੈਂ ਨੇ ਕੀਆ ਇਕਰਾਰ ।

ਯਾਰ ਆਵੇ, ਮੈਂ ਈਦ ਮਨਾਵਾਂ ।
ਨਿਆਜ਼ ਦੇਵਾਂ, ਮੈਂ ਸ਼ਗਨ ਮਨਾਵਾਂ ।
ਮੈਂ ਬੈਠੀ ਕਰਕੇ ਸ਼ਿੰਗਾਰ ।

ਯਾਰ ਮੰਗਿਆ ਤੇਥੋਂ, ਮੰਗੀ ਨਾ ਖੁਦਾਈ ਵੇ ।
ਤੇਰੀ ਮੰਗਤੀ ਦੇਵਾਂ ਦੁਹਾਈ ਵੇ ।
ਰੱਬਾ ਕਰੀ ਨਾ ਲਛਮਣ ਨੂੰ ਇੰਨਕਾਰ ।

## "ਧੰਨ ਦਰਸ਼ਨ"

ਰੱਬਾ ਤੇਰਾ ਲੱਖ ਲੱਖ ਸ਼ੁਕਰ ਮਨਾਵਾਂ,
ਮੇਰਾ ਵਿਛੜਿਆ ਯਾਰ ਮਿਲਾ ਦੇ।

ਯਾਦ ਕਰ ਤੋਹੇ, ਮੈਂ ਕੂੰਜ ਵਾਙੂ ਕੁਰਲਾਵਾਂ।
ਕੋਈ ਨਾ ਹਾਲ ਪੁਛੇ, ਦੱਸ ਕਿਹੜੇ ਪਾਸੇ ਜਾਵਾਂ।
ਰੱਬਾ ਯਾਰ ਦਾ ਪਤਾ ਦੱਸ ਦੇ।

ਤੇਰੇ ਬਿਨਾਂ ਮੈਂ, ਕੱਖਾ ਵਾਙੂ ਰੁਲ ਗਈ।
ਤੇਰੇ ਬਿਨਾਂ ਮੈਂ, ਬੁਤ ਬਣ ਕੇ ਰਹਿ ਗਈ।
ਰੱਬਾ ਸੁਨੇਹਾ, ਯਾਰ ਤੱਕ ਪਹੁੰਚਾ ਦੇ।

ਯਾਰ ਦੀ ਯਾਰੀ, ਸੱਭ ਤੋਂ ਗੂੜੀ।
ਯਾਰ ਬਿਨਾਂ ਨਾ, ਹੋਵੇ ਗੱਲ ਪੂਰੀ।
ਰੱਬਾ ਯਾਰ ਦੇ, ਦੀਦਾਰ ਕਰਾ ਦੇ।

ਯਾਰ ਆਇਆ, ਆ ਗਈ ਬਹਾਰ।
ਦਿਲ ਕਰਦਾ, ਤੱਕਾ ਬਾਰ ਬਾਰ।
ਲਛਮਣ ਜਾਏ ਸੱਦਕੇ, ਸੋਹਣੇ ਯਾਰ ਦੇ।

## "ਧੰਨ ਦਰਸ਼ਨ"

ਢੋਲਾ ਵੇ, ਪੈ ਗਏ ਨੇ ਫੁਲ ਕਪਾਹੀ ।
ਚੇਤੇ ਕਰਾਵਾਂ ਮੈਂ, ਤੈਨੂੰ ਮਾਹੀ ।
ਛੁਟੀ ਲੈ ਕੇ ਆ ਜਾ ਹਾਣੀਆ ।

ਮਾਸ਼ੂਕ ਨਿਭਾਵੇ, ਸਦਾ ਬੱਫਾ ।
ਆਸ਼ਕ ਨਹੀਂ ਬੱਣਦੇ, ਬੇਬਫਾ ।
ਅੰਤ ਬੱਫਾ ਹੀ ਰਾਸ ਆਈਆ ।

ਪਿਆਰ ਕਰਨ ਵਾਲੇ, ਕਦੇ ਨਾ ਡਰਦੇ ।
ਮੌਤ ਕੋ ਉਹ ਸਦਾ ਪਿਆਰ ਕਰਦੇ ।
ਇਹ ਹਕੀਕਤ ਗੁਰੂ ਦਰਸ਼ਨ ਬਤਾਈਆ ।

ਤੁਧ ਬਿਨ ਸੁੰਨੀ, ਲਾਗੇ ਗੱਲੀਆ ।
ਸ਼ਰੀਕ ਮਨਾਉਦੇ ਨੇ, ਰੰਗ ਰੱਲੀਆ ।
ਮੇਰੀ ਵੀ ਈਦ, ਕਰਾ ਦੇ ਮਾਹੀਆ ।

ਸੋਹਣਿਆ ਮੋਹੇ ਆਪਣੀ ਬਣਾ ਲੈ ।
ਆਪਣੀ ਬੁਕਲ 'ਚ' ਮੋਹੇ ਲੁਕਾ ਲੈ ।
ਬੱਫਾ ਦੀ ਮੈਂ ਨੇ, ਲੋਈ ਲਈਆ ।

ਲਛਮਣ ਘੁਟ ਮਾਹੀ ਸੀਨੇ ਲਾਇਆ ।
ਭੁਲ ਗਈ ਮੈਂ, ਆਪਣਾ ਪਰਾਇਆ ।
ਮੈਂ ਪੀਆ ਸੰਗ, ਪੀਆ ਹੋਈਆ ।

## "ਧੰਨ ਦਰਸ਼ਨ"

ਮੁਝੇ ਸੇਜ ਸੇ, ਨਾ ਉਠਾਓ ਦਿਲਬਰ,
ਅਭੀ ਤੋ ਮੇਰੇ ਪਾਉ ਮੇਂ, ਮਹਿੰਦੀ ਲਗੀ ਹੂਈ ਹੈ ।

ਹਮ ਨੇ ਤੋ ਅਭੀ, ਘੁੰਗਟ ਵੀ ਨਹੀਂ ਉਤਾਰਾ,
ਤੇਰੇ ਇੰਤਜਾਰ ਮੇਂ, ਲਗਨ ਲਗੀ ਹੂਈ ਹੈ ।

ਮੇਰੇ ਪੈਰੋਂ ਕੀ, ਝਾਂਜਰ ਕਾ ਛਨਾਟਾ,
ਪੀਆ ਤੁਧ ਬਿਨ, ਖਾਮੋਸ਼ ਰਹਤਾ ਹੈ ।

ਮੇਰਾ ਸ਼ੋਲਾ ਸ਼ਿੰਗਾਰ, ਮਹਿੰਦੀ ਕਾ ਰੰਗ,
ਤੁਧ ਬਿਨ ਪੀਆ, ਫੀਕਾ ਰਹਿਤਾ ਹੈ ।

ਲਛਮਣ ਕੇ ਨੈਨੋ ਕਾ ਕਾਜਲ,
ਤੇਰੀ ਜੁਦਾਈ ਮੇਂ ਰੋ ਰੋ ਕੇ, ਵੈਹ ਰਹਾ ਹੈ ।

## "ਧੰਨ ਦਰਸ਼ਨ"

ਸੋਹਣਿਆ ਨਾਲ ਜਰਾਨਾ ਲਾ ਕੇ,
ਸਰੂਰ 'ਚ' ਆ ਗਏ, ਯਾਰ ਦੇ ਨਾਲ ।
ਯਾਰ ਵਿਛੜੇ, ਦਿਲ ਦੁਖੀਹੋਇਆ,
ਕਿਉ ਨਾ ਮਰ ਗਏ, ਅਸੀਂ ਯਾਰ ਦੇ ਨਾਲ ।

ਯਾਰ ਮੇਰਾ, ਚੰਦਨ ਦਾ ਬੂਟਾ,
ਅਸੀਂ ਹੋਸ਼ ਗਵਾਈ, ਮਹਿੰਕ ਦੇ ਨਾਲ ।
ਯਾਰ ਵਿਛੜਿਆ, ਮਹਿੰਕ ਖਿੰਡਰ ਪੁੰਡਰ ਗਈ,
ਅਸੀਂ ਗੁੰਮ ਹੋ ਗਏ, ਖਿਆਲਾ ਦੇ ਨਾਲ ।

ਯਾਰ ਮੇਰਾ, ਸਚਖੰਡਿ ਕਾ ਵਾਸੀ,
ਘੱਲਾ ਸੁਨੇਹਾ ਕਿਹੜੇ, ਕਾਸਦ ਦੇ ਨਾਲ ।
ਨਾ ਮਿਲਾ ਕਾਸਦ, ਨਾ ਮੇਰੀ ਪਹੁੰਚ,
ਕਿਸ ਤਰ੍ਹਾਂ ਮਿਲਾ, ਫਿਰ ਯਾਰ ਦੇ ਨਾਲ ।

ਸੁਣਿਆ ਸੀ ਯਾਰ ਦੀ ਜੁਦਾਈ 'ਚ',
ਆਸ਼ਕ ਰੋਂਦੇ ਰਹਿੰਦੇ ਨੇ, ਗੰਮਾਂ ਦੇ ਨਾਲ ।
ਅੱਬ ਤੋ ਗੰਮ ਵੀ, ਸਾਥ ਨਹੀਂ ਦਿੰਦੇ,
ਫਿਰ ਮੈਂ ਰੋਵਾਂ ਕਿਸਦੇਨਾਲ।

ਯਾਰ ਦਰਸ਼ਨ ਨਾਲ ਸੀ ਮੇਰੀਆ ਬਹਾਰਾ,
ਸੱਭ ਕੁਛ ਉਜੜ ਗਿਆ, ਯਾਰ ਦੇ ਨਾਲ ।
ਇੰਤਜਾਰ ਕਰ ਰਹਾ ਹੂੰ,
ਕਿ ਇਕ ਦਿਨ ਜਰੂਰ ਯਾਰ ਦਰਸ਼ਨ,
ਆ ਕੇ ਬੋਲੇਗਾ ਲਛਮਣ ਦੇ ਨਾਲ ।

## "ਧੰਨ ਦਰਸ਼ਨ"

ਝੱਟ ਕੱਟਣੇ ਹੋ ਗਏ ਔਖੇ ।
ਦਿਨ ਲੰਘਦੇ ਨਹੀਂ ਹੁਣ ਸੌਖੇ ।
ਕਿ ਰੱਬਾ ਮੇਰਾ ਮਾਹੀ ਮੇਲ ਦੇ ।

ਦਿਨੇ ਨਾ ਮੋਹੇ, ਆਏ ਚੈਨ ।
ਪਾਸੇ ਵੱਟਦਿਆ, ਗੁਜਰੇ ਨਾ ਰੈਨ ।
ਮੇਰਾ ਦਿਲ ਪਿਆ ਕੁਰਲਾਵੇ ।

ਸਖੀਆ ਮੈਨੂੰ ਮਾਰਨ ਤਾਹਨੇ ।
ਤੂੰ ਜਾ ਬੈਠਾ, ਦੇਸ਼ ਬੇਗਾਨੇ ।
ਵਿਛੋੜਾ ਤੇਰਾ ਵੱਡ ਵੱਡ ਖਾਵੇ ।

ਜੋ ਥੇ ਮੇਰੇ, ਵੋਹ ਪਰਾਏ ਬਣ ਗਏ ।
ਭੀੜ ਪੈਣ ਤੇ ਵੋਹ, ਦੱਗਾ ਦੇ ਗਏ ।
ਪਾਣੀ ਮੰਗੇ ਤੇ ਵੀ, ਵੋਹ ਨਾ ਪਿਲਾਦੇਂ ।

ਭੁੱਲ ਚੁੱਕ ਮਾਫ, ਕਰੀ ਤੱਤੜੀ ਨੂੰ ।
ਮੇਰੇ ਪਿਆਰ ਦੀ, ਕਸਮ ਹੈ ਤੈਨੂੰ ।
ਦੁੱਖਾ ਦਾ ਭਾਰ, ਤੱਨ ਨਾ ਸਹਾਰੇ ।

ਕੂੰਜਾਂ ਵਾਗੂੰ, ਮੈਂ ਪਈ ਕੁਰਲਾਂਧੀ ।
ਪੀਆ ਤਰਸ ਕਰ ਲੈ, ਮੈਂ ਤੇਰੀ ਬਾਂਧੀ ।
ਲਛਮਣ ਇਹੀ ਬਾਰ ਬਾਰ ਆਖੇ ।

## "ਧੰਨ ਦਰਸ਼ਨ"

ਸਜਨਾ ਨਾ ਸਹੀ ਜਾਂਦੀ, ਤੇਰੀ ਜੁਦਾਈ ਵੇ ।
ਜਦੋਂ ਦਾ ਤੂੰ ਰੁਸਿਆ, ਰੁਸ ਗਈ ਖੁਦਾਈ ਵੇ ।

ਜਦੋਂ ਦਾ ਤੂੰ ਰੁਸਿਆ, ਰੁਸ ਗਿਆ ਏ ਰੱਬ ।
ਤੇਥੋਂ ਵਗੈਰ ਫੱਬਦਾ ਨਾ ਜਗ ।
ਅੱਬ ਤੇ ਆ ਜਾ ਮੇਰਾ, ਲੱਗਦਾ ਨਾ ਦਿਲ ਵੇ ।

ਤੂੰ ਗਿਆ ਜਿੱਤ, ਅਸੀਂ ਗਏ ਹਾਰ ।
ਜੋ ਤੂੰ ਕਹੇਗਾ, ਕਰਾ ਨਾ ਇੰਨਕਾਰ ।
ਮੇਰੇ ਦਿਲ ਕੀ ਪਿਆਸ, ਬੁਝਾ ਜਾ ਵੇ ।

ਤੇਰਾ ਪਿਆਰ ਮੇਰੇ, ਰੂਪ ਕਾ ਨਿਖਾਰ ।
ਤੇਰਾ ਸੰਗ ਮੇਰੇ, ਤਨ ਕਾ ਸ਼ਿੰਗਾਰ ।
ਤੇਰੇ ਬੋਲ ਆਬੇ ਹਯਾਤ ਵੇ ।

ਤੂੰ ਸਦਾ ਅਬਾਦ ਰਹੇ, ਮੰਗਾ ਖੁਦਾ ਸੇ ਖੈਰ ।
ਚਰਨਾਂਮਿਤ ਪੀਵਾਂ, ਤੇਰੇ ਧੋ ਕੇ ਪੈਰ ।
ਗੁਰੂ ਦਰਸ਼ਨ ਦੇ ਜਾ, ਲਛਮਣ ਨੂੰ ਦਿਲਾਸਾ ਵੇ ।

## "ਧੰਨ ਦਰਸ਼ਨ"

ਕਾਂਵਾ ਉਦੋਂ ਬੋਲੀ, ਸਾਡੇ ਬਨੇਰੇ ।
ਜਦੋਂ ਆਉਣਗੇ ਸੱਜਨ, ਘਰ ਮੇਰੇ ।

ਮੇਰੇ ਕੋਲ ਨਹੀਂ, ਤੇਰਾ ਸੁਰਨਾਂਵਾ ।
ਮੈਂ ਚਿਠਿਆ ਕਿਧਰ ਨੂੰ ਪਾਂਵਾ ।
ਲੱਭਣ ਦੇ ਕੀਤੇ ਮੈਂ, ਜਤਨ ਬਥੇਰੇ ।

ਪਤਾ ਨਹੀਂ ਕਿਥੇ, ਸੱਜਨ ਦਾ ਟਿਕਾਣਾ ।
ਭੁੱਲਦਾ ਨਹੀਂ ਤੈਨੂੰ ਦਿਲ ਨਿਮਾਣਾ ।
ਦੱਸ ਸੁਨੇਹਾ, ਭੇਜਾ ਥਾਂ ਕਿਹੜੇ ।

ਤੇਰੀ ਉਡੀਕ 'ਚ' ਉਮਰ ਬੀਤ ਚੱਲੀ ਏ।
ਨਾ ਤੂੰ ਆਇਆ, ਨਾ ਕੋਈ ਚਿਠੀ ਘੱਲੀ ਏ।
ਮੈਂ ਤੱਕਾ ਰਾਹ, ਸ਼ਾਮ ਸਵੇਰੇ ।

ਕਾਸਿਦ ਹੱਥ ਮਾਹੀ, ਸੁਨੇਹਾ ਘਲਾਇਆ ਏ।
ਸੁਣਦੀ ਪਈ ਸਾਂ, ਕਿਸੇ ਕੁੰਡਾ ਖੜਕਾਇਆ ਏ।
ਲਛਮਣ ਤਕ ਮਾਹੀ, ਨਸ ਗਏ ਹਨੇਰੇ॥

## "ਧੰਨ ਦਰਸ਼ਨ"

ਮੁਰਸ਼ਦ ਕੀ ਮਹਿਫਲ ਮੇਂ, ਚਮਨ ਮਹਿਕਾ,
ਕੂਏ ਯਾਰ ਮੇਂ, ਫਿਰ ਸੇ ਬਹਾਰ ਆਈ।

ਨੈਨੋਂ ਸੇ ਵਿਛੋੜੇ ਮੇਂ, ਨੀਰ ਵਰਸੇ,
ਮੁਰਸ਼ਦ ਕੇ ਵਸਲ ਸੇ, ਫਿਰ ਖੁਸ਼ੀ ਲੌਟ ਆਈ।

ਸ਼ੀਖੇ ਹੈਂ ਮੁਰਸ਼ਦ ਸੇ, ਦਿਲ ਨੇ ਅੰਦਾਜ,
ਮੁਰਸ਼ਦ ਤੋ ਸਦਾ ਦੇਤਾ ਹੈ, ਮੁਰੀਦ ਕੋ ਵਡਿਆਈ।

ਦੇਖੇ ਹੈਂ ਬਹੁਤ ਹੰਗਾਮੇਂ, ਹਮਨੇ ਮੁਹੱਬਤ ਕੇ,
ਮੁਰਸ਼ਦ ਕੀ ਮੁਹੱਬਤ, ਨਿਰਾਲੀ ਹੈ ਭਾਈ।

ਮੁਰਸ਼ਦ ਕਾ ਕੈਸੇ, ਸ਼ੁਕਰੀਆ ਅਦਾ ਕਰੇ,
ਜਿਸਕੀ ਰਹਿਮਤ ਸੇ ਬਾਤ ਬਨੀ ਆ ਰਹੀ ਹੈ ਭਾਈ।

ਮਾਹਰਾਜ਼ ਦਰਸ਼ਨ ਦਾਸ ਕੋ ਹਮ ਕਿਆ ਦੇ,
ਹਮ ਤੋ ਹੈ ਉਨਕੇ, ਜੁਗੋਂ ਸੇ ਕਰਜਾਈ।

ਲਛਮਣ ਯੇਹ ਤੋ, ਪਿਆਰ ਕਾ ਨਗਮਾ ਹੈ,
ਸੋਈ ਜਾਣੇ, ਜਿਸੇ ਮੁਰਸ਼ਦ ਜਣਾਈ।

# "ਧੰਨ ਦਰਸ਼ਨ"

ਆ ਜਾ ਵੇ ਆ ਜਾ ਮਾਹੀ, ਤੈਨੂੰ ਦਿਲ ਪੁਕਾਰੇ।
ਤੂੰ ਜਿਤਿਆ, ਅਸੀ ਹਾਰੇ।

ਮੰਨਿਆ ਸੀ ਤੈਨੂੰ, ਸੁੱਖ ਦੁੱਖ ਦਾ ਸ਼ਰੀਕ ਵੇ।
ਤੇਰੀ ਯਾਦ ਵਿਚ, ਆਵੇ ਨਾ ਚੈਨ ਵੇ।
ਆ ਜਾ ਪ੍ਰੀਤਮ ਪਿਆਰੇ।

ਰੱਬ ਰੁਸਿਆ, ਤੂੰ ਨ ਜਾਈ ਰੁਸ ਵੇ।
ਤੇਥੋਂ ਵਗੈਰ, ਫੱਬਦਾ ਨਾ ਜੱਗ ਵੇ।
ਜੀਦੇਂ ਤੇਰੀ ਓਟ ਦੇ ਸਹਾਰੇ।

ਜੱਗ ਨੇ ਭੁਲਾਇਆ, ਤੂੰ ਨ ਭੁਲਾਈ ਵੇ।
ਤੇਰੇ ਨਾਲ, ਕਰਮ ਕਮਾਈ ਵੇ।
ਲਾ ਦੇ, ਡੁਬਦੀ ਨਈਆ ਕਿਨਾਰੇ।

ਤੇਰਾ ਪਿਆਰ, ਤੱਨ ਦਾ ਸ਼ਿੰਗਾਰ ਵੇ।
ਤੇਰਾ ਦੀਦਾਰ, ਜਗਾਏ ਸੁਤੇ ਭਾਗ ਵੇ।
ਤੇਰੀ ਸਫ਼ਾਖਾਨੇ ਦੇ ਜਾਵਾਂ ਬਲਿਹਾਰੇ।

ਕਮਜੋਰ ਟਾਹਣੀ ਵਾਗੂੰ, ਗਏ ਟੁਟ ਵੇ।
ਭੁੱਲ ਚੁਕ ਮਾਫ ਕਰੀ, ਚਲੇ ਮੁਕ ਵੇ।
ਆ ਜਾ ਵੇ ਮਾਹੀ, ਲਛਮਣ ਪੁਕਾਰੇ।

## "ਧੰਨ ਦਰਸ਼ਨ"

ਮੁਕੀ ਗੱਲ ਨਾ ਮਾਹੀ ਨਾਲ ਮੇਰੀ,
ਰੱਬਾ ਰਾਤ ਮੁਕ ਗਈ ।
ਅਧੂਰੀ ਰਹਿ ਗਈ ਤੁਮੰਨਾ ਮੇਰੀ,
ਰੱਬਾ ਰਾਤ ਮੁਕ ਗਈ ।

ਅੱਥਰੂ ਬਣ ਕੇ ਬਹਿ ਗਿਆ ਕੱਜਲਾ,
ਪੋਛਦੇ ਪੋਛਦੇ, ਰਾਤ ਮੁਕ ਗਈ ।
ਗੁਸੇ ਹੋ ਕੇ, ਗਿਆ ਮਾਹੀ ਸੌ,
ਜ਼ਗਾਂਦੇ ਜ਼ਗਾਂਦੇ, ਰਾਤ ਮੁਕ ਗਈ ।

ਅਸਾਂ ਲੇਖ ਲਿਖਾਏ ਮਾੜੇ,
ਸੋਚਦੇ ਸੋਚਦੇ ਰਾਤ ਮੁਕ ਗਈ ।
ਸ਼ਰੀਕਾ ਨੇ ਤਾਨੇ ਮਾਰੇ,
ਸੁਣ ਸੁਣ ਤਾਨੇ, ਰਾਤ ਮੁਕ ਗਈ ।

ਮੋਹੇ ਰੋਂਦਿਆ, ਸੁਣ ਮਾਹੀ ਅੱਖ ਖੋਲੀ,
ਹੱਟਕੋਰੇ ਲੈਦਿਆ ਲੈਦਿਆ, ਰਾਤ ਮੁਕ ਗਈ ।
ਮਾਹੀ ਨੇ ਪਿਆਰ ਸੇ, ਮੋਹੇ ਚੁਪ ਕਰਾਇਆ,
ਤੱਕ ਤੱਕ ਮਾਹੀ ਲਛਮਣ, ਰਾਤ ਮੁਕ ਗਈ ।

"ਧੰਨ ਦਰਸ਼ਨ"

ਮੇਰੇ ਦਰਸ਼ਨ ਮਾਹੀ ਦਾ, ਰੂਪ ਇਲਾਹੀ।
ਉਸ ਜੈਸਾ ਦੋਨੋਂ, ਜਹਾਂ ਮੇਂ ਨਾਂਹੀ।

ਮੇਰੇ ਮਾਹੀ ਦੇ, ਗਲ ਗਾਨੀ।
ਸੋਹਣਿਆ ਵੇ, ਮੈਂ ਤੇਰੀ ਦੀਵਾਨੀ।

ਮੇਰੇ ਮਾਹੀ ਦੇ, ਗਲ ਹਾਰ।
ਮੈਂ ਕਰਦੀ ਵੇ, ਤੇਰਾ ਇੰਤਜਾਰ।

ਮੇਰੇ ਮਾਹੀ ਦੇ, ਤਿਲਕ ਸਿਰ ਦਸਤਾਰ।
ਸਭ ਨਾਲੋ ਸੋਹਣਾ, ਮੇਰਾ ਸਰਦਾਰ।

ਮੇਰੇ ਮਾਹੀ ਦੇ, ਹਥ ਲਛਮਣ ਰੁਮਾਲ।
ਸ਼ਹਾਦਤ ਦੇ ਕੇ ਦਰਸ਼ਨ ਨੇ, ਕਰ ਦੀ ਕਮਾਲ।

"ਧੰਟ ਦਰਸ਼ਨ'

ਐਸੇ ਤੇਰੀ ਯਾਦ, ਦਿਲ ਕੋ ਸਤਾਤੀ ਹੈ ।
ਜੈਸੇ ਚਮਨ ਮੇਂ, ਤੇਜ ਹਵਾ ਸ਼ਨਸ਼ਨਾਤੀ ਹੈ ।

ਐਸੇ ਪਿਆਰ ਭਰੀ, ਨਿਗਾਹ ਹੈ ਤੇਰੀ,
ਜੈਸੇ ਕੋਇਲ ਪੀਆ ਕੇ ਗੁਣ ਗਾਤੀ ਹੈ ।

ਵੋਹ ਤਰਸਦੀ ਹੈ, ਤੇਰੇ ਇੰਤਜਾਰ ਕੋ,
ਤੇਰੇ ਵਸੱਲ ਕੀ ਖ਼ੁਦਾ ਸੇ, ਦੂਆ ਕਰਤੀ ਹੈ ।

ਸੁਹਾਵਨੇ ਮੌਸਮ ਕੀ, ਯੇਹ ਠੰਡੀ ਠੰਡੀ ਹਵਾ,
ਯੇਹ ਰਾਤ ਕੋਈ, ਦਾਸਤਾਂ ਸੁਨਾਤੀ ਹੈ ।

ਇਸ ਅੰਧੇਰੀ ਰਾਤ ਕੇ ਛਨਾਟੋਂ ਮੇਂ,
ਲਛਮਣ ਕੋ ਪੀਆ ਦਰਸ਼ਨ ਕੀ, ਯਾਦ ਮਤਾਤੀ ਹੈ ।

## "ਧੰਨ ਦਰਸ਼ਨ"

ਤੇਰੀ ਯਾਦ ਮੇਂ, ਨੈਣਾਂ ਅਥਰੂ ਡੋਲੇ ।
ਅੱਜ ਸੁਭਾ ਤੋਂ, ਬਨੇਰੇ ਕਾਂ ਬੋਲੇ ।

ਲੱਖਾ ਹੀ ਨੇ, ਤੇਰੇ ਦੀਵਾਨੇ ।
ਤੇਰੇ ਲਈ ਮਰਨ ਨੂੰ, ਤਿਆਰ ਨੇ ਪਰਵਾਨੇ ।
ਤੇਰੇ ਆਸ਼ਕ ਤੇਨੂੰ, ਨਾ ਭੁੱਲੇ ।

ਤੇਰਾ ਸਰੂਪ ਨੈਂਣਾਂ 'ਚ' ਵਸੇ ।
ਤੇਰਾ ਪਿਆਰ ਦਿਲ 'ਚ' ਵਸੇ ।
ਤੇਰੇ ਇੰਤਜਾਰ ਮੇਂ, ਜਗ ਕੋ ਭੁੱਲੇ ।

ਯਾਦ ਕਰ ਤੋਹੇ, ਫੁਟ ਫੁਟ ਰੋਏ ।
ਤੁਧ ਬਿਨ, ਸਜਨਾ ਜ਼ੀਦੇ ਮੋਏ ।
ਤੇਰਾ ਰੂਪ, ਈਲਾਹੀ ਨਾ ਭੁੱਲੇ ।

ਮੋਹੇ ਦੁਨੀਆ ਨੇ ਭੁਲਾਇਆ, ਪਰ ਤੂੰ ਨਾ ਭੁਲਾਈ ।
ਤੇਥੋਂ ਵਗੈਰ ਮੇਰਾ, ਕੋਈ ਨ ਸਹਾਈ ।
ਲਛਮਣ ਨੂੰ ਨਾ ਪਾਈ ਦਰਸ਼ਨ, ਗੈਰਾਂ ਦੇ ਪੱਲੇ ।

## "ਧੰਨ ਦਰਸ਼ਨ"

ਹਮ ਸੇ ਨਾ ਰੁਠੋ ਪੀਆ, ਹਮ ਤੋ ਜਮਾਨੇ ਕੇ ਸਤਾਏ ਹੂਏ ਹੈਂ।
ਹਮ ਆਪ ਕੋ ਦੋਸ਼ ਨਹੀਂ ਦੇਤੇ,
ਹਮ ਤੋ ਕਿਸਮਤ ਕੇ ਠੁਕਰਾਏ ਹੂਏ ਹੈਂ।

ਕੈਸੇ ਸਮਝਾਏ ਆਪ ਕੋ ਹਮ ਖੁਦ ਨਾ ਸਮਝ ਪਾਏ ਹੈਂ।
ਸਮਝ ਸਮਝ ਕੀ ਸਮਝ ਨਹੀਂ ਆਤੀ,
ਹਮ ਬੇਸਮਝ ਕੈਸੇ ਹੋ ਗਏ ਹੈਂ।

ਆਪ ਕਾ ਕੋਈ ਜਵਾਬ ਨਹੀਂ,
ਆਪ ਤੋ ਹਮੇਂ, ਲਾਜਵਾਬ ਕਰ ਦੇਤੇ ਹੈਂ।
ਜਬ ਵੀ ਹਮਨੇਂ, ਸ਼ਕਾਇਤ ਕਰਨੀ ਚਾਹੀ,
ਆਪ ਹੱਸ ਕਰ, ਸ਼ਕਾਇਤ ਦੂਰ ਕਰ ਦੇਤੇ ਹੈਂ।

ਜਬ ਆਂਪ ਹੱਸਤੇ ਹੋ,
ਹਮ ਆਪਕੀ ਹੰਸੀ ਮੇਂ ਖੋਹ ਜਾਤੇ ਹੈਂ।
ਆਪਕੀ ਮਨਮੋਹਨੀ ਸੂਰਤ ਕੋ ਦੇਖ ਕਰ,
ਹਮ ਮਦਹੋਸ਼ ਹੋ ਜਾਤੇ ਹੈਂ।

ਜਬ ਹਮ ਆਤੇ ਹੈਂ ਹੋਸ਼ ਮੇਂ ਆਪ ਕਹੀਂ ਔਰ ਚਲੇ ਜਾਤੇ ਹੈ।
ਲਛਮਣ ਤੇਰਾ ਮਰਮ ਨਾ ਜਾਨੇ,
ਕਿ ਆਪ ਤੋ ਆਪ ਮੇਂ ਸਮਾ ਜਾਤੇ ਹੈਂ।

## "ਧੰਨ ਦਰਸ਼ਨ"

ਤੁਧ ਬਿਨ ਪੀਆਂ, ਹਮ ਜੀ ਤੋ ਰਹੇ ਹੈਂ।
ਮਗਰ ਆਪ ਕੇ ਬਗੈਰ, ਦਿਲ ਲਗਤਾ ਨਹੀਂ ਹੈਂ।

ਇਸ ਦਿਲ ਕੋ ਕੈਸੇ ਸਮਝਾਏ,
ਲਾਖ ਸਮਝਾਨੇ ਸੇ, ਯੇਹ ਮਾਨਤਾ ਨਹੀਂ ਹੈਂ।

ਯੇਹ ਦਿਲ ਨਹੀਂ ਹੈ, ਮੇਰੇ ਵੱਸ ਮੇਂ,
ਯੇਹ ਤੋ ਆਪ ਕੇ ਇੰਤਜਾਰ ਮੇਂ, ਮਸਤ ਹੈ।

ਹੋਤੀ ਹੈ ਦਿਲ ਕੋ, ਦਿਲ ਕੀ ਰਾਹ,
ਮੈਂ ਉਸ ਰਾਹ ਕੋ ਢੂੰਡ ਰਹਾ ਹੂੰ,
ਯਹਾਂ ਮੇਰੇ ਪੀਆ ਕੇ ਪਾਉ ਕੇ ਨਿਸ਼ਾਂ ਮਿਲਤੇ ਹੈਂ।

ਕਮਜੋਰ ਹੋ ਗਿਆ ਏ ਦਿਲ ਮੇਰਾ,
ਤੇਰੇ ਇੰਤਜਾਰ ਮੇਂ,
ਇਸੇ ਸੰਭਾਲੋ ਗੁਰੂ ਦਰਸ਼ਨ,
ਇਸ ਮੇਂ ਲਛਮਣ ਕੀ ਦਿਲਲਗੀ ਲਗੀ ਹੂਈ ਹੈ।

## "ਧੰਨ ਦਰਸ਼ਨ"

ਜਦੋਂ ਯਾਦ ਸੱਜਨਾ ਦੀ ਆਈ, ਮੋਰੀ ਨੀਂਦ ਟੁਟ ਗਈ ।
ਨੀਂਦ ਟੁਟ ਗਈ ਸਈਉ, ਨੀਂਦ ਟੁਟ ਗਈ ।

ਯਾਦ ਮਾਹੀ ਦੀ, ਦਿਲ ਕੋ ਸਤਾਵੇ ।
ਟੇਲੀਫ਼ੋਨ ਕਰਦੀ ਦਾ, ਦਿਲ ਘਬਰਾਵੇ ।
ਛੁੱਟੀ ਲੈ ਕੇ, ਆ ਜਾ ਹਾਣੀਆ ।

ਤੇਰੇ ਨਾਲ ਆਉਂਦਾ ਸੀ. ਦਿਲ ਕੋ ਚੈਨ ।
ਬਿਨ ਤੇਰੇ ਗੁਜਰੇਨਾਦਿਨ ਤੇ ਰੈਨ ।
ਤੱਬਾ ਮੋਹੇ ਪਿਆਰ ਹੋ ਗਿਆ ।

ਮੈਂ ਹੂੰ ਮਾਹੀ ਕੇ, ਦਿਲ ਕੀ ਧੱੜਕਨ ।
ਪਿਆਰ 'ਚ' ਨਹੀਂ ਹੁੰਦੀ ਤੱਰਕਨ ।
ਰੱਬਾ ਲਾ ਦੇ, ਵਸੱਲ ਵਾਲੀ ਰਾਤ ।

ਸਖੀਆ ਆਈਆ ਦਿਲ ਪ੍ਰਚਾਵਣ ।
ਰੁੰਨਸੇ ਨਾ ਹੋਏ, ਦਿਲ ਰਿਝਾਵਣ ।
ਬਿਨ ਮਾਹੀ ਕੁਛ ਨਾ ਭਾਂਵਦਾ ।

ਸੁਭਾ ਹੋਈ ਕਿਸੇ ਨੇ, ਕੁੰਡਾ ਖੜਕਾਇਆ ।
ਲਛਮਣ ਦੇ ਦਿਲ ਚੋਂ, ਅਵਾਜਾ ਆਇਆ ।
ਕੁੰਡਾ ਖੋਲ ਮਾਹੀ ਆਇਆ ।

# "ਧੰਨ ਦਰਸ਼ਨ"

ਦੱਸਵੀਂ ਗਲੀ 'ਚ' ਮੋਰਾ, ਪੀਆ ਵਸੇਂਦਾ।
ਆਵੇ ਜਾਵੇ ਨਿਸ ਦਿਨ, ਦਿਖਾਈ ਨਾ ਦੇਂਦਾ।

ਮੇਰੇ ਮਾਹੀ ਦੇ, ਗੱਲ 'ਚ' ਗਾਨੀ।
ਸੋਹਣਿਆ ਵੇ, ਮੈਂ ਤੇਰੀ ਦੀਵਾਨੀ।
ਮੋਹੇ ਜੱਗ ਤਾਨੇਂ ਮਰੇਂਦਾ।

ਮੈਂ ਕੋਠੇ ਚੱੜ ਕੇ, ਤੱਕਾ ਤਾਰੇ।
ਮੋਤੀਆ ਵਾਂਙੂ ਲਗਦੇ ਪਿਆਰੇ।
ਚੰਨ ਚੜਿਆ ਨਾ, ਮੋਹੇ ਦਸੇਂਦਾ।

ਪੀਆ ਪੀਆ ਕੋਇਲ ਬੋਲੇ।
ਬਿਰਹੋਂ ਮੇਂ ਮੈ, ਹੋ ਗਈ ਕੋਲੇ।
ਪੀਆ ਖਬਰ ਨਾ ਲੇਂਦਾ।

ਪੀਆ ਵੇ ਤੂੰ ਜਿਤਿਆ, ਮੈਂ ਹਾਰੀ।
ਸੋਹਣਿਆ ਵੇ ਮੈਂ, ਤੇਰੀ ਦੁਲਾਰੀ।
ਮੋਰਾ ਕਾਜ਼ਲ ਅਥਰੂ ਬਣ ਕੇ ਡੁਲੇਂਦਾ।

ਲਛਮਣ ਕੋ ਤੇਰੀ ਘਾਟ, ਮਹਿਸੂਸ ਹੋਨੇ ਲਗੀ।
ਮਾਇਆ ਬਣ ਨਾਗਿਨ, ਡੱਸਨੇ ਲਗੀ।
ਪੀਆ ਨਾਗਿਨ ਵੱਸ ਕਰੇਂਦਾ।

(35)

"ਧੰਨ ਦਰਸ਼ਨ"

ਪੀਆ ਕੀ ਲੋਨੀ ਨਗਰੀ, ਲਗੀ ਬੜੀ ਪਿਆਰੀ ।
ਦੇਖੋ ਖੁੱਦਾ ਕੀ ਲੀਲਾ, ਜੰਗਲ 'ਚ' ਮੰਗਲਾਕਾਰੀ ।
ਇਛਾਧਾਰੀ ਸੋਹਣਾ ਮੋਹਣਾ ਕਰਦੇ ਇਸਦੀ ਰਖਵਾਲੀ,
ਲਛਮਣ ਸਥਾਪਤ ਕੀਆ ਡੇਰਾ, ਗੁਰੂ ਦਰਸ਼ਨ ਨਿਰੰਕਾਰੀ ।

ਕਿਤਨਾ ਅਜ਼ੀਬ ਲੱਗ ਰਿਹਾ, ਲੋਨੀ ਡੇਰਾ ਦੋਸਤਾ ।
ਜਿਥੇ ਤੂੰ ਹਸਾਇਆ ਸੀ, ਉਥੇ ਸਾਨੂੰ ਰੁਆਇਆ ਦੋਸਤਾ ।
ਜਿਵੇਂ ਪੁਨਿਆ ਦੇ ਚੰਨ ਤੇ ਹਨੇਰਾ ਛਾ ਗਿਆ,
ਤਿਵੇਂ ਖਾ ਗਿਆ ਮੇਰੇ ਦਿਲ ਕੋ, ਵਿਛੋੜਾ ਦੋਸਤਾ ।

ਰਹਿ ਗਈਆ ਮਹਿਫਲਾ, ਸਜੀਆ ਸਜਾਈਆ,
ਲੈ ਗਿਆ ਖੁਸ਼ੀਆ ਉਧਾਲ ਕੇ ਗਮ ਦੋਸਤਾ ।
ਮੇਰੇ ਦਿਲ ਵਿਚ ਪਿਆ ਖੌਲ,
ਜਦੋਂ ਵੇਖਿਆ ਉਦਾਸ, ਮਾਹਰਾਣੀ ਕਾ ਚੇਹਰਾ ਦੋਸਤਾ ।

ਜਦ ਵੇਖਿਆ ਮਾਹਰਾਣੀ ਮੇਂ ਤੇਰਾ ਸਵਰੂਪ,
ਗਾਇਬ ਹੋ ਗਿਆ ਹਨੇਰਾ ਦੋਸਤਾ ।
ਲਛਮਣ ਨੇ ਝੂਟਾ ਲਿਆ, ਗੁਰੂ ਦਰਸ਼ਨ ਕੀ ਪੀਂਘ ਮੇਂ,
ਜਿਸ ਪਾਸੇ ਵੇਖਾਂ, ਉਸ ਵੱਲ ਦਿਸੇ ਤੂੰਹੀ ਤੂੰ ਦੋਸਤਾ ।

"ਧੰਨ ਦਰਸ਼ਨ" (36)

ਇਕ ਨਵੰਬਰ ਉਨੀ ਸੌ ਚੌਰਾਸੀ ਨੂੰ, ਪੰਜਾ ਦਾਸਾ ਦੇ ਕਹਿਣ ਤੇ,
ਛੱਡਿਆ ਸੀ ਲੋਨੀ ਡੇਰਾ, ਮਾਹਰਾਜ਼ ਜੀ ਨੇ ।
ਮਾਹਰਾਜ਼ ਜੀ ਬਿਨਾ, ਕੁਛ ਬੋਲੇ ਤੁਰ ਪਏ,
ਬੱਦਲੀ ਸੀ ਜਿੰਦਗੀ, ਜਿਹਦੇ ਇਛਾਰਿਆ ਨੇ ।

ਉਹਨੂੰ ਦਿਤਾ ਆਸਰਾ, ਰਾਹ ਦੀਆ ਠੋਕਰਾ ਨੇ,
ਜਿਸਤੋਂ ਸੀ ਲਿਆ, ਆਸਰਾ ਸਹਾਰਿਆ ਨੇ ।
ਇੰਗਲੈਂਡ 'ਚ' ਬਹਾਰਾ ਨੂੰ, ਜਨਮ ਦਿਤਾ,
ਉਹਦੇ ਨੈਂਣਾ ਦੇ, ਬੰਦ ਨਜਾਰਿਆ ਨੇ ।

ਵੇਖ ਸਵਰੂਪ ਮਾਹਰਾਜ਼ ਦਾ, ਦਿਲ ਨੂੰ ਸੱਟ ਵੱਜੀ,
ਹੰਝੂ ਕੇਰੇ ਦਾਸਾ ਵਿਚਾਰਿਆ ਨੇ ।
ਗਿਆਰਾ ਨਵੰਬਰ ਉਨੀ ਸੌ ਸਤਾਸੀ ਨੂੰ,
ਉਹ ਗੋਲੀ ਨਾਲ ਸ਼ਹੀਦ ਹੋਇਆ,
ਅਰਸ਼ਾ ਤੋਂ ਫੁਲ ਕੇਰੇ, ਖੁਦਾ ਦੇ ਫਰਿਸ਼ਤਿਆ ਨੇ ।

ਸਚੇ ਰਹਿਬਰ ਸਦਾ ਹੀ ਰਹਿਣ ਜੱਗ ਤੇ,
ਜਿਹਨਾਂ ਕੀਤੀਆ ਨੇਕ ਕਮਾਈਆ ਨੇ ।
ਦੁਨੀਆ ਕੋ ਹਿਲਾ ਦਿਆ, ਗੁਰੂ ਦਰਸ਼ਨ ਕੀ ਸ਼ਹਾਦਤ ਨੇ ।

ਮੇਰਾ ਅਨਿਆਈ ਮੌਤੇ, ਇਹ ਮੇਰਾ ਸ਼ੌਕ ਨਹੀਂ,
ਸੱਚ ਕਰ ਦਿਖਾਇਆ ਗੁਰੂ ਦਰਸ਼ਨ ਨੇ ।
ਤੇਰੇ ਬੋਲੋ ਕੋ ਲਛਮਣ ਨੇ ਦੁਹਰਾਇਆ ਹੈ,
ਮਗਰ ਪੱਤੇ ਪੱਤੇ ਤੇ ਨਾਂ ਲਿਖਾਇਆ,
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ ਨੇ ।

## "ਧੰਨ ਦਰਸ਼ਨ"

ਮਾਹਰਾਜ਼ ਜੀ ਔਰ ਮਾਹਰਾਣੀ ਜੀ ਦੇ ਜਨਮ ਦਿਵਸ ਦੀ,
ਖੁਸ਼ੀ ਵਿਚ ਮਹਿਫਲ ਸਜਾਈ ਗਈ ਏ ।
ਈਹਾਂ ਉਹਾਂ ਅਜ, ਖੁਸ਼ੀ ਮਨਾਈ ਗਈ ਏ ।

ਮੈਂ ਹਾਂ ਤੇਰੇ ਤੋਂ ਕੁਰਬਾਨ ।
ਤੇਰੇ ਜਿਹਾ ਨਾ ਦੋ ਜਹਾਨ ।
ਦੂਰ ਦੂਰ ਤਕ ਤੇਰੀ, ਜੋਤ ਰੁਸ਼ਨਾਈ ਗਈ ਏ ।

ਸਵਾਸ ਸਵਾਸ ਤੇਰਾ, ਨਾਮ ਜੱਪ ਕੇ ।
ਸੁਭਾ ਸ਼ਾਮ ਫੁਲ, ਇਕੱਠੇ ਕਰ ਕੇ ।
ਤੇਰੇ ਬਿਸਰਾਮ ਲਈ, ਸੇਜ ਸਜਾਈ ਗਈ ਏ ।

ਸਕੂਨ ਆ ਗਿਆ ਏ ।
ਯਕੀਂ ਹੋ ਗਿਆ ਏਂ ।
ਮੇਰੇ ਦਿਲ ਦੀ ਦੂਆ, ਉਸਨੂੰ ਅਜ ਸੁਣਾਈ ਗਈ ਏ ।

ਲਛਮਣ ਦਾ ਦਿਲ, ਇਸ ਤਰਾਂ ਪਿਆ ਏ ਝੂੰਮਦਾ ।
ਜਿਸ ਤਰਾਂ ਭਵਰਾ, ਫੁਲਾ ਦੀ ਖੁਸ਼ਬੋ ਤੋਂ ਹੈ ਝੂੰਮਦਾ ।
ਮੇਰੀ ਅਰਜੋਈ ਦਰਸ਼ਨ ਦਰਕਾਰ ਪਹੁੰਚ ਗਈ ਏ ।

## "ਧੰਨ ਦਰਸ਼ਨ"

ਹਮ ਹੋ ਗਏ ਬਦਨਾਮ, ਤੁਮ ਪੇ ਇਤਬਾਰ ਕਰਕੇ ।
ਹਮ ਹੋ ਗਏ ਬਦਨਾਮ, ਤੁਮ ਪੇ ਪਿਆਰ ਕਰਕੇ ।

ਪਿਆਰ ਤੋ ਹੁੰਦਾ, ਪਾਕ ਵੇ ।
ਐਵੇਂ ਦੁਨੀਆ ਨੇ ਕੀਆ ਖਾਕ ਵੇ ।
ਹਮ ਖੋ ਗਏ, ਤੁਮ ਸੇ ਪਿਆਰ ਕਰਕੇ ।

ਪਿਆਰ ਖੁਦਾ ਕੀ ਅਮਾਨਤ ਵੇ ।
ਪਿਆਰ ਖੁਦਾ ਕੀ ਪਹਚਾਨ ਵੇ ।
ਪਿਆਰ ਮੇਂ ਵਸੇ, ਖੁਦ ਖੁਦਾ ਆ ਕੇ ।

ਪਿਆਰ ਰੂਹ ਕਾ ਸ਼ਿੰਗਾਰ ਵੇ ।
ਜਬ ਚਮਕੇ ਪਾ ਦੇ ਭੁਚਾਲ ਵੇ ।
ਪਿਆਰ ਕੇ ਮਣਕੇ, ਪ੍ਰੋਏ ਹਰਿ ਆ ਕੇ ।

ਪਿਆਰ ਕਰਨਾ ਨਾ ਗੁਨਾਹ ਵੇ ।
ਪਿਆਟ ਕੋ ਬੇਬਫਾ, ਕਰਦੇ ਬਦਨਾਮ ਵੇ ।
ਲਛਮਣ ਜਾਂਚ ਸਿਖਾਈ, ਗੁਰੂ ਦਰਸ਼ਨ ਆ ਕੇ ।

"ਧੰਨ ਦਰਸ਼ਨ"

ਸਦਕੇ ਜਾਵਾਂ ਓਹਨਾਂ ਰਾਹਾ ਤੋਂ,
ਜਿਥੋਂ ਮੇਹਾ ਯਾਰ ਲੰਘਿਆ ਏ ।

ਬਾਰੰਮਬਾਰ ਸੀਸ ਨਿਭਾਵਾਂ,
ਜਿਥੋਂ ਮੇਰਾ ਯਾਰ ਲੰਘਿਆ ਏ ।

ਚਰਨ ਧੂੜ ਚੁਕ ਮੱਥੇ ਤੇ ਲਾਵਾਂ,
ਜਿਥੋਂ ਮੇਰਾ ਯਾਰ ਲੰਘਿਆ ਏ ।

ਉਥੇ ਬੈਠ ਗਾਵਾਂ ਗੁਣ ਤੇਰੇ,
ਜਿਥੋਂ ਮੇਰਾ ਯਾਰ ਲੰਘਿਆ ਏ ।

ਲਛਮਣ ਕਰੇਂਦਾ ਇੰਤਜਾਰ ਉਸ ਰਾਹ ਤੇ,
ਜਿਥੋਂ ਮੇਰਾ ਦਰਸ਼ਨ ਯਾਰ ਲੰਘਿਆ ਏ ।

## "ਧੰਨ ਦਰਸ਼ਨ"

ਦਰਸ਼ਨ ਤੇਰੇ ਬਾਗ 'ਚ', ਖਿੜੇ ਨੇ ਫੁਲ ਸੋਹਣੇ,
ਜਿਹੜਾ ਬਾਗ ਤੂੰ ਸੋਲਾ ਫਰਵਰੀ,
ਉਨੀ ਸੌ ਅਸੀ ਨੂੰ ਲਾਇਆ ਸੀ ।
ਬੁਲਬੁਲ ਕੂਕੇ ਵੇਖ ਕੇ ਗੁਲ ਸੋਹਣੇ,
ਮਸਤ ਭੌਰੇ ਆ ਕੇ ਝੂਮਦੇ ਸੀ ।

ਮੋਤੀ ਹਾਰ 'ਚ' ਜੜੇ ਅਮੁਲ ਸੋਹਣੇ,
ਫੁੱਲ ਟਾਹਣੀਆ ਤੇ, ਹਾਰਾ ਵਾਂਙ ਚਮਕਦੇ ਸੀ ।
ਸੋਹਣੇ ਫੁੱਲ ਲਹਰਾਏ ਸੀ ਹਰ ਪਾਸੇ,
ਗੂੰਜ ਭੌਰਿਆ ਦੀ, ਚਾਰ ਚੁਫੇਰਿਉ ਆਂਵਦੀ ਸੀ ।

ਤੂੰ ਤਾਂ ਮਾਲੀ ਸੀ, ਚੰਗੇ ਤਰਸ ਵਾਲਾ,
ਕੱਸ਼ਟ ਝੱਲ ਕੇ ਬਾਗ ਨੂੰ ਪਾਲਿਆ ਸੀ ।
ਰਾਖੀ ਕਰੀ ਸੀ ਤੂੰ, ਦਿਨ ਰਾਤ ਫਿਰ ਕੇ,
ਅੱਠੇ ਪਹਿਰ ਘਾਲ ਨੂੰ ਘਾਲਿਆ ਸੀ ।

ਗਰਮੀ ਠੰਡ ਦੀ ਛੱਡ ਪਰਵਾਹ ਸਾਰੀ,
ਇਸ ਬਾਗ ਨੂੰ ਤੂੰ, ਖੂਬ ਸੰਭਾਲਿਆ ਸੀ ।
ਕਹੇ ਲਛਮਣ ਜੇ ਤੂੰ, ਛੱਡਣਾ ਸੀ ਵਿਚਕਾਰ ਵਿਚ,
ਫਿਰ ਦਰਸ਼ਨ ਕਾਹਨੂੰ, ਇਨ੍ਹਾਂ ਕਸ਼ਟ ਉਠਾਲਿਆ ਸੀ ।

## "ਧੰਨ ਦਰਸ਼ਨ"

ਗੁਰੂ ਦਰਸ਼ਨ, ਤੇਰੇ ਨਾਮ ਕੇ, ਦੀਵਾਨੇ ਹਜਾਰੋ ਹੈਂ ।
ਮਗਰ ਤੁਮ ਜੈਸਾ, ਦੋਨੋਂ ਜਹਾਂ ਮੇਂ ਨਹੀਂ ਹੈਂ ।

ਜਬ ਸੇ ਤੇਰੀ, ਮਨਮੋਹਣੀ ਸੂਰਤ, ਆਈ ਹੈ ਸਾਹਮਨੇ,
ਤਬ ਸੇ ਤੂੰ ਨੇ, ਹਲਚਲ ਮਚਾਈ ਹੈਂ ।

ਵੋਹ ਆਪ ਕੋ, ਸਮਝਤੇ ਹੈਂ ਬੇਗਾਨਾ,
ਮਗਰ ਆਪ ਸੇ, ਕੁਛ ਛੁੱਪਾ ਨਹੀਂ ਹੈਂ ।

ਤੇਰੇ ਵਗੈਰ ਕੋਈ ਵੀ, ਕਾਰਜ਼ ਅਧੂਰਾ ਨਹੀਂ ਰਹਿਤਾ,
ਮਗਰ ਤੇਰੀ ਘਾਟ, ਲਛਮਣ ਕੋ ਮਹਿਸੂਸ ਹੋਤੀ ਹੈਂ ।

"ਧੰਨ ਦਰਸ਼ਨ"

ਮਹਿਲਾ 'ਚ' ਵੱਸਣ ਵਾਲੀਆ ਸੁਹਾਗਣਾ,
ਚਿਖਾ ਤੇ ਜਲਦੀਆ ਵੇਖੀਆ ਮੈਂ ।
ਚੁਪ ਚਾਪ ਜਲ ਜਾਣ ਅੰਗਾਰਿਆ ਤੇ,
ਮੂਹੋ ਸੀ ਨਾਂ ਕਰਦੀਆ, ਵੇਖੀਆ ਮੈਂ ।

ਅੰਤਰਫਲੇਰ ਸੀ ਲੱਗਦਾ, ਜਿਹਨਾਂ ਜੁਲਫਾ ਨੂੰ,
ਕੋਲਿਆ ਵਾਂਙ ਭੱਖਦੀਆ, ਵੇਖੀਆ ਮੈਂ ।
ਜਿਹੜੀਆ ਧੀਆ ਨੌਂਹਾਂ, ਬਣ ਕੇ ਸੁਸਰਾਲ ਗਈਆ,
ਸਟੋਵ ਦੀ ਅੱਗ ਨਾਲ, ਸੜਦੀਆ ਵੇਖੀਆ ਮੈਂ ।

ਜਿਹਨਾਂ ਨੇ ਸਾਡੇ, ਨਾਲ ਸੀ ਕਸਮ ਖਾਧੀ,
ਕਮਜਾਤਾਂ ਮੁਕਰਦੀਆ ਵੇਖੀਆ ਮੈਂ ।
ਜਿਹੜੀਆ ਨਾ ਬਣੀਆ ਆਪਣੇ ਖਸਮ ਦ੍ਹੀਆ,
ਦੂਸਰਿਆ ਘਰ ਅੱਗ ਲਾਉਦੀਆ ਵੇਖੀਆ ਮੈਂ ।

ਸੱਚ ਦਾ ਝੂਠ, ਬਣਾਉਣ ਵਾਲੀਆ,
ਖੱਸਮ ਬਦਲੀਆ, ਵੇਖੀਆ ਮੈਂ ।
ਮਾਹਰਾਜ਼ ਜੀ, ਸਮਝ ਨਹੀਂ ਲੱਗਦੀ ਲਛਮਣ ਨੂੰ,
ਕਿਵੇਂ ਬਫਾ ਵਾਲੀਆ, ਬੇਬਫਾ ਹੁੰਦੀਆ ਵੇਖੀਆ ਮੈਂ ।

## "ਧੰਨ ਦਰਸ਼ਨ"

ਹਮ ਨੇ ਜਿੰਦਗੀ ਮੇਂ, ਬੋਏ ਹੈਂ ਕਾਂਟੇ।
ਕਾਟੋਂ ਪਰ ਚੱਲਤੇ ਚੱਲਤੇ, ਹਮ ਬਨ ਗਏ ਕਾਂਟੇ।

ਹਮਾਰੀ ਜਿੰਦਗੀ ਹੈ ਕਾਂਟੋ ਕੀ ਸੇਜ਼,
ਜਬ ਲੇਟਨੇ ਲਗੇ, ਚੁੱਭ ਗਏ ਕਾਂਟੇ।

ਜਬ ਵੀ ਹਮਨੇ, ਕੁਛ ਕਹਨਾ ਚਾਹਾ,
ਹਮੇਂ ਐਸੇ ਹੱਟਾ ਦੀਆ, ਜੈਸੈ ਹਟਾਤੇ ਹੈਂ ਕਾਂਟੇ।

ਹਮਾਰੀ ਜਿੰਦਗੀ, ਰੂਠ ਗਈ ਹਮ ਸੇ,
ਅੱਬ ਫੂਲ ਵੀ, ਲਗਨੇ ਲਗੇ ਹੈਂ ਕਾਂਟੇ।

ਹਮਾਰੀ ਜਿੰਦਗੀ ਕੋ, ਔਰ ਕਿਆ ਮਿਲਤਾ,
ਜਬ ਰੱਬ ਨੇ ਲਿਖੇ ਹੈਂ, ਲਛਮਣ ਕੇ ਨਸੀਬ ਮੇਂ ਕਾਂਟੇ।

## "ਧੰਨ ਦਰਸ਼ਨ"

ਕਿਸ ਕੋ ਹਾਲ ਸੁਣਾਏ, ਕੋਈ ਸੁਣਦਾ ਹੀ ਨਹੀਂ ।
ਸੁਣਦਾ ਈ ਨਹੀਂ, ਕੋਈ ਸੁਣਦਾ ਈ ਨਹੀਂ ।

ਪਿਆਰ ਜਿਨਸੇ ਕੀਆ ਥਾ, ਵੋਹ ਬੇਬਫਾ ਬੱਣ ਗਏ,
ਅੱਬ ਸ਼ਿਕਵਾ ਕਿਸ ਸੇ ਕਰੇ, ਕੋਈ ਸੁਣਦਾ ਈ ਨਹੀਂ ।

ਯੇਹ ਸਿਲਾ ਮਿਲੇਗਾ, ਕਭੀ ਪਿਆਰ ਨਾ ਕਰਤੇ,
ਅੱਬ ਤੋ ਮੇਰਾ ਦਿਲ ਵੀ, ਮੇਰੀ ਸੁਣਦਾ ਈ ਨਹੀਂ ।

ਕਿਆ ਸੋਚਾ ਥਾ, ਕਿਆ ਹੋ ਗਿਆ,
ਕਿਸਕੋ ਦੁਖੜਾ ਸੁਣਾਏ, ਕੋਈ ਸੁਣਦਾ ਈ ਨਹੀਂ ।

ਲਾਖ ਕੋਸ਼ਿਸ਼ ਕੀ, ਲਛਮਣ ਨੇ ਮਨਾਨੇ ਕੀ,
ਮਗਰ ਯੇਹ ਕਿਸੀ ਕੀ, ਸੁਣਦਾ ਈ ਨਹੀਂ ।

## "ਧੰਨ ਦਰਸ਼ਨ"

ਆਜਾ ਰੇ ਤੁਝ ਕੋ, ਪੁਕਾਰੇ ਤੇਰਾ ਦਾਸ।
ਤੁਧ ਬਿਨ ਸੱਜਨਾ, ਹੋਇਆ ਉਦਾਸ।

ਤੁਧ ਪੇ ਸ਼ਿਕਵਾ ਕਰਾਂ, ਮੇਰੀ ਓਕਾਤ ਨਹੀਂ ਏ।
ਗੁਨਾਹ ਢੱਕ ਲੈ ਮੇਰੇ, ਇਹੀ ਇਲਤਜਾ ਏ।
ਵਾਪਿਸ ਬੁਲਾ ਲੇ, ਜਿੰਦਗੀ ਤੋਂ ਹੋਇਆ ਨਰਾਸ।

ਮੈਂ ਹੂੰ ਗਲੀਆ ਦਾ ਕੂੜਾ।
ਤੂੰ ਹਰੇ, ਹਰ ਕੀ ਪੀੜਾ।
ਰੂਹ ਮੰਗੇ, ਜੱਗ ਤੋਂ ਖਲਾਸ।

ਤੇਰੇ ਇੰਤਜਾਰ ਮੇਂ, ਉਮਰ ਬੀਤ ਚੱਲੀ ਏ।
ਤੁਧ ਬਿਨ ਮੇਰੀ ਕੋਈ ਜਿੰਦਗੀ ਏ।
ਬੁਝਾ ਦੇ ਦਿਲ ਕੀ ਪਿਆਸ।

ਤੇਰੀ ਜੁਦਾਈ ਮੇਂ, ਦਿਲ ਰੋਗੀ ਹੋ ਗਿਆ।
ਸ਼ਰੀਕਾ ਦੇ ਸੁਣ ਤਾਨੇ, ਢੇਲਾ ਹੋ ਗਿਆ।
ਲਛਮਣ ਦੀ ਚਿੰਤਾ ਕਰਦੇ ਨਾਸ।

## "ਧੰਨ ਦਰਸ਼ਨ"

ਨੈਂਣਾ ਦੇ ਆਖੇ ਲੱਗ ਕੇ, ਅਸੀ ਗਏ ਠੱਗੇ ।
ਪਾਕ ਨਿਗਾਹੇ ਜਿਨ ਕੀ, ਉਹ ਨਾ ਜਾਂਦੇ ਠਗੇ ।

ਨੈਂਣ ਨੈਂਣਾ ਨਾਲ ਨੇ ਲੜਦੇ ।
ਉਹੋ ਮਰਨੋਂ, ਮੂਲ ਨਾ ਡਰਦੇ ।
ਉਹ ਹੋਣ ਹਮੇਸ਼ਾ ਅੱਗੇ ।

ਨੈਂਣ ਨੈਂਣਾ ਦੀ, ਕਰਨ ਗੁਲਾਮੀ ।
ਉਹ ਨਾ ਡਰਦੇ, ਹੋਣੋ ਬਦਨਾਮੀ ।
ਉਹ ਝੁਕਣ ਪੀਆ ਦੇ ਅੱਗੇ ।

ਨੈਂਣ ਮਿਲੇ, ਆ ਜਾਏ ਚੈਨ ।
ਬਿਨ ਵੇਖੇ ਨਾ ਬੀਤੇ, ਦਿਨ ਔਰ ਰੈਨ ।
ਯਾਦ ਪੀਆ ਕੀ, ਸਤਾਨੇ ਲਗੇ ।

ਨੈਂਣ ਨੈਂਣਾ ਦੀ, ਪੀਂਘ ਵਿਚ ਬੈਂਹਦੇ ।
ਹਰ ਵੇਲੇ ਪੀਆ, ਪੀਆ ਕੈਂਹਦੇ ।
ਪੀਆ ਬਿਨ ਲਛਮਣ, ਚੰਗਾ ਨਾ ਲੱਗੇ ।

## "ਧੰਨ ਦਰਸ਼ਨ"

ਅਸਾਂ ਪੈਰੋਂ ਮੇਂ ਬਾਂਧੇ ਘੁੰਗਰੂ, ਆ ਕੇ ਵੇਖ ਚੰਨ ਵੇ ।
ਦਰਸ਼ਨ ਦਰਸ਼ਨ ਦਾ ਅਵਾਜ਼ਾ ਦਿੰਦੇ,
ਆ ਕੇ ਸੁਣ ਚੰਨ ਵੇ ।

ਤੇਰੇ ਬਾਝੋਂ ਸੱਜਨਾ, ਫੱਬਦਾ ਨਾ ਜੱਗ ।
ਜਦੋਂ ਦਾ ਤੂੰ ਰੁਸਿਆ, ਰੁੱਸ ਗਿਆ ਰੱਬ ।
ਮੋਹੇ ਔਰ ਨਾ. ਤੜਫਾ ਵੇ ।

ਇਹ ਘੁੰਗਰੂ ਤੇਰੀ, ਬਿਰਹੋ ਦੇ ਮਾਰੇ ।
ਇਹ ਹਾਰ ਗਏ, ਥੱਕ ਕੇ ਵਿਚਾਰੇ ।
ਤੁਧ ਬਿਨ ਇਨਾਂ ਦਾ, ਮੰਦਾ ਹਾਲ ਵੇ ।

ਮੀਰਾ ਨਾਚੀ ਸੀ, ਬਾਂਧ ਕੇ ਘੁੰਗਰੂ ।
ਗਿਰਧਰ ਦੌੜੇ ਆਏ, ਸੁਣ ਕੇ ਘੁੰਗਰੂ ।
ਤੂੰ ਵੀ ਸੁਣ ਛੱਣਕਾਰ ਵੇ ।

ਬੁੱਲੇ ਨੇ ਨੱਚ ਕੇ, ਰੁੱਠੜਾ ਪੀਰ ਮਨਾਇਆ ।
ਢੋਲਕੀ ਸੇ ਅਵਾਜ਼ ਆਈ,
ਜਾਗ ਮਛੰਦਰ ਗੋਰਖ ਆਇਆ ।
ਆ ਕੇ ਦੇ ਦੇ ਲਛਮਣ ਨੂੰ ਦੀਦਾਰ ਵੇ ।

## "ਧੰਨ ਦਰਸ਼ਨ"

ਮਾਹੀ ਵੇ ਸਾਨੂੰ, ਮਿਠੇ ਲਗਦੇ ਤੇਰੇ ਬੋਲ ।
ਆ ਕੇ ਬੈਹ ਜਾ ਸਾਡੇ ਕੋਲ ।

ਤੱਰਸ ਗਏ ਦੀਦੇ, ਜਦੋਂ ਦਾ ਪ੍ਰਦੇਸ ਗਿਆ ।
ਤੱਨ ਹੂਆ ਪੀਲਾ ਜ਼ਰਦ, ਜਦੋ ਦਾ ਰੁਸ ਗਿਆ ।
ਆ ਕੇ ਸੁਣਾ ਜਾ, ਦੋ ਬੋਲ ।

ਸ਼ਰੀਕ ਮੋਹੇ ਪੁੱਛਦੇ, ਕਿਥੇ ਤੇਰਾ ਮਾਹੀ ।
ਮੈਂ ਕੀ ਦੱਸਾ, ਤੂੰ ਬੱਣ ਗਿਆ ਰਾਹੀ ।
ਅਸਾਂ ਰੱਖਿਆ ਏ, ਬੂਹਾ ਖੋਲ ।

ਜਦੋਂ ਦਾ ਤੂੰ ਰੁੱਸਿਆ, ਮੇਰਾ ਰੁੱਸ ਗਿਆ ਰੱਬ ।
ਤੇਰੇ ਬਾਝੋ ਸੱਜਨਾ, ਫੱਬਦਾ ਨਾ ਜੱਗ ।
ਮੇਰੇ ਦਿਲ 'ਚ', ਪਿਆ ਫਰੋਲ ।

ਦਰਸ਼ਨ ਪੀਰ ਏ, ਦੋ ਜਹਾਂ ਕਾ ਵਾਲੀ ।
ਪਾ ਦੇ ਖੈਰ, ਭਰ ਦੇ ਝੋਲੀ ਖਾਲੀ ।
ਲਛਮਣ ਦੇ ਜਿੰਦਰੇ ਦਾ, ਤਾਲਾ ਖੋਲ ।

## "ਧੰਨ ਦਰਸ਼ਨ"

ਮੈਂ ਵੋਹ ਫੂਲ ਹੂੰ, ਜਿਸਕੋ ਸਭੀ ਨੇ ਮਸਲ ਡਾਲਾ ।
ਲਾਖ ਕਹਨੇ ਪਰ ਨਾ ਮਸਲੋ,
ਫਿਰ ਵੀ ਮਸਲ ਡਾਲਾ ।

ਜੋ ਅੱਪਨੇ ਥੇ, ਵੋਹ ਬੇਗਾਨੇ ਬਣ ਗਏ ।
ਹਮੇਂ ਵੇਖ ਕਰ ਵੋਹ, ਰੱਸਤਾ ਬੱਦਲ ਗਏ ।
ਮੈਂ ਕਹਾ ਫ਼ਿਰ ਵੀ, ਸਾਡਾ ਦਿਲਵਾਲਾ ।

ਸਾਡੀਆ ਖੁਸ਼ੀਆ ਦਾ, ਪੂਰਾ ਨਾ ਹੋਇਆ ਚਾਅ ।
ਜਿਨਾਂ ਤੇ ਸਾਨੂੰ ਮਾਣ ਸੀ, ਉਨਾਂ ਪਾਈ ਸਿਰ ਸੁਆਹ ।
ਵੇਖੋ ਮਨ ਦਾ ਬੋਲਬਾਲਾ ।

ਲਛਮਣ ਯੇਹ ਹੈ ਤੇਰੇ, ਪੂਰਬਲੇ ਕਰਮੋ ਕੀ ਸਜਾ ।
ਸਜ਼ਾ ਕਾ ਭੁਗਤਾਨ . ਵਿਧਮਾਤਾ ਕੀ ਰਜ਼ਾ ।
ਉਦੋਂ ਸਜ਼ਾ ਮਾਫ ਹੋਸੀ, ਜਦੋਂ ਮਿਲੇਗਾ ਘਰਵਾਲਾ ।

## "ਧੰਨ ਦਰਸ਼ਨ"

ਸਜਨਾ - ਨਹੀਉ ਲੱਗਦਾ ਦਿਲ ਮੇਰਾ ।
ਤੁਧ ਬਿਨ ਹੋ ਗਿਆ, ਦਿਨੇ ਹਨੇਰਾ ।

ਸਖੀਆ ਕੋਲ ਸਖੇ ਰਹਿੰਦੇ, ਪਰ ਤੂੰ ਵਸੈ ਦੂਰ ਵੇ ।
ਤੇਰੀ ਜੁਦਾਈ 'ਚ' ਚੰਨਾ, ਮੈਂ ਹੋ ਗਈ ਚਕਨਾ ਚੂਰ ਵੇ ।
ਆ ਜਾ ਪਾ ਜਾ, ਇਕ ਫੇਰਾ ।

ਆਈ ਨਾ ਜੁਆਨੀ, ਬੁਢਾਪਾ ਪਹਿਲੋ ਆ ਗਿਆ ।
ਸ਼ੋਲਾ ਸ਼ਿੰਗਾਰ ਸਾਡੇ, ਹੱਡਾ ਨੂੰ ਖਾ ਗਿਆ ।
ਤੂੰ ਚੁਰਾ ਕੇ ਲੈ ਗਿਆ, ਹਾਸਾ ਮੇਰਾ ।

ਤੁਧ ਬਿਨ ਖਾਣਾ ਪੀਣਾ, ਨਾ ਭਾਉਦਾ ਏ ।
ਸੂਹਾ ਸ਼ਾਲੂ ਵੇਖ, ਮਨ ਕਰਲਾਉਦਾ ਏ ।
ਆ ਜਾ ਹੋਇਆ, ਇੰਤਜਾਰ ਬਥੇਰਾ ।

ਸੁਪਨੇ 'ਚ' ਮਾਹੀ, ਦਿਲਾਸਾ ਦੇ ਗਿਆ ।
ਆਖ ਖੁਲੀ ਉਹ, ਗਾਇਬ ਹੋ ਗਿਆ ।
ਚੰਨਾ ਦੱਸ ਜਾ, ਕਸੂਰ ਮੇਰਾ ।

ਤੇਰੀ ਯਾਦ ਮੇਂ, ਹੋ ਗਈ ਬਾਵਰੀ ।
ਤੇਰੀ ਦੀਵਾਨੀ, ਤੇਰੀ ਦਾਸਰੀ ।
ਲਛਮਣ ਦਾ ਕਰਦੇ ਦੂਰ ਹਨੇਰਾ ।

## "ਧੰਨ ਦਰਸ਼ਨ"

ਰੋ ਰੋ ਕੇ ਪੁਕਾਰਾ ਦਿਨੇ ਰਾਤ ਮੈਂ,
ਤੂੰ ਮੇਰੀ ਗੱਲ ਨਾ ਸੁਣੀ ।
ਧਾਹਾਂ ਮਾਰਿਆ ਕੁਰਲਾਇਆ ਕਈ ਬਾਰ ਮੈਂ,
ਤੂੰ ਮੇਰੀ ਗੱਲ ਨਾ ਸੁਣੀ ।

ਜਿਹਨਾਂ ਤੇ ਸਾਨੂੰ ਮਾਣ ਸੀ, ਉਹੀ ਧੋਖਾ ਦੇ ਗਏ ।
ਗੈਰੋ ਸੇ ਸ਼ਿਕਵਾ ਕਿਆ, ਆਪਣੇ ਹੀ ਜ਼ਹਿਰ ਦੇ ਗਏ ।
ਮਰਨ ਵੇਲੇ, ਧਿਆਇਆ ਕਈ ਬਾਰ ਮੈਂ ।

ਤੇਰੇ ਪੁੱਤਰਾ ਨੇ ਮੋਹਿ, ਜ਼ਿੰਦਾ ਜਲਾਇਆ ਏ ।
ਲੱਕੜਾ ਦੀ ਥਾਂ, ਮਿੱਟੀ ਦਾ ਤੇਲ ਪਾਇਆ ਏ ।
ਚਿੱਖਾ ਤੇ ਜੱਲਦੇ, ਪੁਕਾਰਾ ਕਈ ਬਾਰ ਮੈਂ ।

ਤੇਰੇ ਤੇ ਕਰਾਂ ਸ਼ਿਕਵਾ, ਓਕਾਤ ਨਹੀਂ ਮੇਰੀ ।
ਹੱਥ ਜੋੜ ਅਰਜ਼ ਕਰਾਂ, ਰਾਖੋ ਲਾਜ਼ ਮੇਰੀ ।
ਲਾਜ਼ ਦਾ ਵਾਸਤਾ, ਪਾਇਆ ਕਈ ਬਾਰ ਮੈਂ ।

ਜੇ ਇਹੋ ਤੇਰਾ ਜੱਗ ਏ, ਤਾਂ ਸਾਂਭ ਲੈ ਆਪਣੇ ਜੱਗ ਨੂੰ ।
ਲੈ ਲੈ ਖਿਤਾਬ ਵਾਪਿਸ, ਜੋ ਤੁਸਾਂ ਦਿਤਾ ਲਛਮਣ ਨੂੰ ।
ਖਿਤਾਬ ਵਾਪਿਸ ਦੇਣ ਨੂੰ, ਬੁਲਾਇਆ ਕਈ ਬਾਰ ਮੈਂ ।

## "ਧੰਨ ਦਰਸ਼ਨ"

ਸੁਣ ਅਰਜੋਈ, ਮਾਹਰਾਜ਼ ਜੀ ਪੁੱਛਣ ਆਏ,
ਦੱਸੋ ਲਛਮਣ ਸਿੰਘ, ਕਿਉ ਯਾਦ ਕੀਤਾ ਮੈਨੂੰ ।
ਹੱਥ ਜੋੜ ਦਾਸ ਕਹੇ, ਮਾਹਰਾਜ਼ ਜੀ,
ਸੇਵਕਾ ਦੇ ਤਾਨਿਆ ਨੇ, ਕੀਤਾ ਦਿਲਗੀਰ ਮੈਨੂੰ ।

ਰੂਹਾਨੀਅਤ 'ਚ' ਅਸੀਂ ਭਰਪੂਰ ਸੀ,
ਫਿਰ ਵੀ ਕਿਸੇ ਨਾ ਜਾਣਿਆ ਮੈਨੂੰ ।
ਤੁਝੇ ਬਖਸ਼ਦੇ ਹਾਂ ਕਲਮ-ਏ-ਕਲਾਮ,
ਜੋ ਲਿਖੇਗਾ ਉਹ ਮੰਨਜੂਰ ਮੈਨੂੰ ।

ਅਸ਼ਟਭੁਜੀ ਸ਼ਕਤੀ ਤੇਰੇ ਨਾਲ ਹੈ, ਦਿਤਾ ਵਰ ਅਸਾਂ ਨੇ,
ਨੌ ਫਰਵਰੀ ਉਨੀ ਸੌ ਵਿਆਸੀ ਨੂੰ ਤੈਨੂੰ ।
ਮੇਰੇ ਬੋਲ ਤੇ ਯਸ਼ਵੰਤੀ ਨਿਰਾਧਾਰ ਹੈ ਕ੍ਰਾਂਤੀਕਾਰੀ,
ਇਹ ਦੱਸਦਾ ਹਾਂ ਤੈਨੂੰ ।

ਸਤਿਸੰਗ ਕਰਨਾ ਯਸ਼ਵੰਤੀ ਨਿਰਾਧਾਰ ਚੋਂ.
ਜੋ ਕਹੇਗਾ ਲਛਮਣ ਸਿੰਘ, ਉਹ ਮੰਨਜੂਰ ਮੈਨੂੰ ।

## "ਧੰਨ ਦਰਸ਼ਨ"

ਹੀਰ ਆਖਦੀ ਕਾਜ਼ੀਆ ਵੇ,
ਇਸ਼ਕ ਨੂੰ ਦਾਗ ਨਾ ਲਾਈਏ ।

ਇਸ਼ਕ ਅਮਾਨਤ ਹੈ ਖ਼ੁਦਾ ਕੀ,
ਨਬੀ ਰਸੂਲ ਫੁਰਮਾਇਆ ਏ ।

ਮੇਰਾ ਦਿਲ ਹੈ ਅਮਾਨਤ, ਰਾਝਣੇ ਕੀ,
ਜਿਸੇ ਤੂੰ ਖੇੜਿਆ ਨੂੰ, ਦੇਣਾ ਚਾਹਵਦਾ ਏ ।

ਅੱਜ ਵੇਖਣਾ ਏ ਤੂੰ ਕਿਸ ਤਰਾਂ ਦਾ ਨਿਆ ਕਰਦਾ,
ਕਾਫਰ ਹੋਵੇਂ ਜੇ ਨਿਆਂ ਕੀਏ ਬਿਨ,
ਨਮਾਜ਼ ਪੜਾਵਨਾ ਏ ।

ਆਪਣੇ ਦਿਲ 'ਚ' ਝਾਤੀ ਮਾਰ ਕੇ ਵੇਖ,
ਕਿਹੜਾ ਨਿਆਂ ਸ਼ਰਾਂ ਚ ਕੰਮ ਆਵਨਾ ਏ ।

ਜੇ ਤੂੰ ਮੋਹੇ ਵਿਛੋੜਿਆ, ਰੰਝੇਟੇ ਸੇ ਕਾਜ਼ੀਆ,
ਖ਼ੁਦਾ ਕੀ ਕਚਿਹਰੀ ਮੇਂ ਲਛਮਣ,
ਤੂੰ ਕੀਤਾ ਪਾਵਨਾ ਏ ।

## "ਧੰਨ ਦਰਸ਼ਨ"

ਮੁਰਸ਼ਿਦ ਕੀ ਯਾਦ, ਅਜੀਬ ਯਾਦ ਹੈਂ ।
ਜਬ ਆਤੀ ਹੈ, ਆਸੂ ਟੱਪਕ ਜਾਤੇ ਹੈਂ ।

ਉਨਹੇਂ ਲਾਖ ਕੋਸ਼ਿਸ਼ ਕੀ ਰੋਕਨੇ ਕੀ,
ਫਿਰ ਵੀ ਵੋਹ ਵੈਹਤੇ ਜਾਤੇ ਹੈਂ ।

ਯੇਹ ਆਸੂੰ ਕਰਤੇ ਹੈ, ਬਫਾ ਕੀ ਅਦਾਏ ਕਾਇਮ,
ਇਨਕੇ ਜ਼ਰੀਹੇ, ਹਮਾਰੀ ਬੰਦਗੀ ਹੋ ਜਾਤੀ ਹੈ ।

ਬੰਦਗੀ ਤੋ ਹੈ ਏਕ ਬਹਾਨਾ,
ਸਿਰਫ ਆਸੂੰਉ ਸੇ ਹੀ ਹਮ,
ਦਿਲ ਕੋ ਵੈਹਲਾ ਲੇਤੇ ਹੈਂ ।

ਆਸੂੰ ਤੋ ਹੈ ਲਛਮਣ ਕੀ ਪਿਆਸ,
ਇਸ ਪਿਆਸ ਕੋ ਗੁਰੂ ਦਰਸ਼ਨ,
ਅੰਮ੍ਰਿਤ ਸੇ ਬੁਝਾ ਦੇਤੇ ਹੈਂ ।

## "ਧੰਨ ਦਰਸ਼ਨ"

ਅਖਾਂ ਰੁਕਣ ਨਾ ਕੇਰਨ ਅਥਰੂ,
ਜਦੋਂ ਦਾ ਮਾਹੀ ਪ੍ਰਦੇਸ ਗਿਆ ।
ਚਸ਼ਮੇਂ ਸੇ ਲਕੋਵਾਂ ਲਾਲੀ, ਜਦੋਂ ਦਾ ਮਾਹੀ ਪ੍ਰਦੇਸ ਗਿਆ ।

ਦਿਨ ਲੰਘ ਜਾਏ, ਉਡੀਕ 'ਚ' ਤੁਮਾਰੇ ।
ਰਾਤ ਲੰਘ ਜਾਏ, ਗਿਣਦਿਆ ਤਾਰੇ ।
ਚੰਨ ਚੜਿਆ ਨਜਰ ਨਾ ਆਏ ।

ਕੋਠੇ ਚੜਕੇ ਕਾਗ ਉਡਾਵਾਂ ।
ਦਿਲ ਦੀਆ ਰੀਝਾਂ, ਦਿਲ 'ਚ' ਲੁਕਾਵਾਂ ।
ਦੀਦੇ ਥੱਕ ਗਏ, ਤੱਕ ਤੱਕ ਰਾਹ ।

ਮਾਹੀ ਦੀ ਮਜੂਦਗੀ 'ਚ', ਮੈਂ ਸੀ ਨਵੀਂ ਨਰੋਈ ।
ਬਿਨ ਮਾਹੀ ਮੈਂ, ਸੁਕ ਕੇ ਤੀਲਾ ਹੋਈ ।
ਮੇਰੇ ਤੱਨ ਦੀ ਖੱਤਮ ਹੋਈ ਸੱਤਿਆ ।

ਜਿਨਾਂ ਦੇ ਮਾਹੀਂ, ਦੂਰ ਵਸੇਂਦੇ ।
ਹਰ ਵੇਲੇ ਨੇ ਉਹ, ਥੱਕੇ ਥੱਕੇ ਰਹਿੰਦੇ ।
ਦਿਲ ਥੰਮਿਆ, ਡੁਬ ਡੁਬ ਜਾਏ ।

ਬਿਨ ਮਾਹੀ, ਜਿੰਦਗੀ ਅਧੂਰੀ ।
ਬਿਨ ਮਾਹੀ ਆਸ ਨਾ, ਹੋਏ ਪੂਰੀ ।
ਲਛਮਣ ਤੋਂ ਹੁੰਦਾ ਨਹੀ, ਹੋਰ ਇੰਤਜਾਰ ।

## "ਧੰਨ ਦਰਸ਼ਨ"

ਮਾਏ ਨੀ ਮਾਏ ਉਹਾਂ ਨਿਰਾਕਾਰ, ਈਹਾਂ ਤੂੰ ਸਾਕਾਰ ਨੀ ਮਾਏ ।
ਰਹਿਬਰਾ ਨੂੰ ਜਨਮ ਦੇ ਕੇ, ਤੂੰ ਨੇ ਮੱਲੀ ਉਚੀ ਥਾਂ ਨੀ ਮਾਏ ।
ਬ੍ਰਹਮਾ ਵਿਸ਼ਨੂੰ ਮਹੇਸ਼ ਸਜਾ ਕੇ, ਤੂੰ ਜਗਤ ਜੱਨਨੀ ਕਹਿਲਾਈ ਮਾਏ
ਜਬ ਵੀ ਲਛਮਣ ਜਨਮ ਲਵੇ, ਤੂੰ ਨਿਭਾਈ ਆਪਣਾ ਫਰਜ਼ ਮਾਏ ।

ਮਾਏ ਨੀ ਮਾਏ ਮੈਂ, ਚਿਠੀ ਲਿਖੀ ਤੈਨੂੰ ਤਾਂ ।
ਮੇਰਾ ਦਿਲ ਨਾ ਲਗਾ, ਤੇਰੇ ਗਿਰਾਂ ।

ਤੇਰੇ ਬਾਝੋ ਮਾਏ ਨੀ, ਮੈਨੂੰ ਕਿਸੇ ਸੀਨੇ ਨਾ ਲਾਇਆ ।
ਤੇਰਾ ਵਿਹੜਾ ਮੈਨੂੰ, ਲਗਿਆ ਪਰਾਇਆ ।
ਤੇਰਾ ਹੀ ਆਵੇ, ਬੁੱਲਾ ਉਤੇ ਨਾਂ ।

ਮੋਤੀਆ ਦੇ ਵਾਂਙ ਮਾਏ, ਮੈਂ ਹੰਝੂਆ ਦੇ ਹਾਰ ਪਰੋਏ ।
ਦਿਲ ਨਾ ਵਿਛੋੜਾ ਝੱਲਦਾ, ਅਸੀਂ ਹੋਏ ਅੱਧਮੋਏ ।
ਖਾਲੀ ਸੀ ਥਾਂ, ਜਿਥੇ ਮਾਣਦੀ ਸੀ ਨਿਮ ਵਾਲੀ ਛਾਂ ।

ਘਰ ਤੇਰਾ ਹੁੰਦਾ ਸੀ, ਸਵਰਗਾ ਦੀ ਥਾਂ ।
ਉਸ ਥਾਂ ਕੀਤੇ ਸੱਜਦੇ ਜਿਥੋਂ ਲਛਮਣ ਨੂੰ ਬੁਲਾਦੀ ਸਾਂ ।
ਤੇਥੋ ਵਗੈਰ ਇੰਜ਼ ਜਾਪੇ, ਇਥੇ ਮੇਰਾ ਕੋਈ ਨਾ ।

ਉਹਦੋ ਮੇਰਾ ਦਿਲ ਤੜਫੇ, ਜਦੋਂ ਮੂਹੋਂ ਕੋਈ ਆਖਦਾ ਮਾਂ ।
ਈਹਾਂ ਉਹਾਂ ਹੁੰਦਾ ਏ, ਮਾਂ ਦਾ ਸੱਭ ਤੋਂ ਉਚਾ ਥਾਂ ।
ਧੰਨ ਨੇ ਉਹ ਜੋ ਲੈਂਦੇ ਨੇ ਮਾਂ ਦਾ, ਰੱਬ ਤੋਂ ਪਹਿਲਾ ਨਾਂ ।

ਦੁਨੀਆ ਦੀ ਸੱਭ ਤੋਂ, ਠੰਡੀ ਨੀ ਮਾਏ ਤੇਰੀ ਛਾਂ ।
ਦੁੱਧ ਨਾਲੋਂ ਚਿਟਾ, ਸ਼ਹਿਦ ਨਾਲੋਂ ਮਿਠਾ, ਤੇਰਾ ਨਾਂ ।
ਕਹੇ ਲਛਮਣ ਮਾਂ, ਤੈਨੂੰ ਮਿਲੇ ਸਚਖੰਡਿ 'ਚ' ਥਾਂ ।

ਦੁਨੀਆ ਦੀ ਸੱਭ ਤੋਂ ਠੰਡੀ ਨੀ ਮਾਏ ਤੇਰੀ ਛਾਂ

## "ਧੰਨ ਦਰਸ਼ਨ"

ਆ ਜਾ ਵੇ ਮਾਹੀਆ, ਏਨੀ ਦੇਰ ਕਿਉ ਲਾਈਆ ।
ਨੇਹੁ ਲਗਾਉਣ ਦੀ, ਪਿਆਰੀ ਰੁਤ ਆਈਆ ।

ਰਾਤਾ ਲੰਘ ਗਈਆ, ਗਿਣ ਗਿਣ ਤਾਰੇ ।
ਉਡੀਕਾ ਕਰ ਕਰ, ਥੱਕ ਗਏ ਨੈਣ ਵਿਚਾਰੇ ।
ਅਸਾਂ ਨੈਂਣਾ ਚੋਂ ਨੀਂਦ ਗਵਾਈਆ ।

ਸੱਖੀਆ ਸਹੇਲੀਆ, ਮਾਰਨ ਤਾਨੇ ।
ਤੂੰ ਜਾ ਬੈਠਾ, ਦੇਸ਼ ਬੇਗਾਨੇ ।
ਕਿਹੜੀ ਚੰਦਰੀ ਨੇ, ਰੋਕ ਲਗਾਈਆ ।

ਚੰਦ ਸਿਕਿਆ ਦੀ, ਤੇਰੀ ਚਾਕਰੀ ।
ਬੇਮੁਲਾ ਜਿੰਦ ਮੇਰੀ, ਹੋਈ ਏ ਠੀਕਰੀ ।
ਹਾਲੇ ਵੀ ਤੈਨੂੰ, ਸਮਝ ਨਾ ਆਈਆ ।

ਲਛਮਣ ਦੀ ਗੱਲ, ਸੁਣ ਲੈ ਮਾਹੀਆ ।
ਤੇਰੇ ਨਾਵੇਂ ਅਸਾਂ, ਜਿੰਦ ਲਾਈਆ ।
ਦਿਲ ਤੋਂ ਬਾਰ ਬਾਰ, ਅਵਾਜ਼ ਏਹੁ ਆਈਆ ।
ਆ ਜਾ ਵੇ ਮਾਹੀਆ, ਏਨੀ ਦੇਰ ਕਿਉ ਲਾਈਆ ।

## "ਧੰਨ ਦਰਸ਼ਨ"

ਮਾਹੀ ਮੇਰਾ ਕਣ ਕਣ ਮੇਂ, ਵੱਸਦਾ ਏ ।
ਮਾਹੀ ਮੇਰਾ ਹਰ ਹਰ ਮੇਂ, ਵੱਸਦਾ ਏ ।

ਮਾਹੀ ਮੇਰੇ ਦੀ ਇਕੋ ਨਿਸ਼ਾਨੀ ।
ਸਾਰੀ ਦੁਨੀਆ ਉਸਦੀ ਦੀਵਾਨੀ ।
ਈਹਾਂ ਉਹਾਂ ਉਹ, ਵੱਸਦਾ ਏ ।

ਮੱਥੇ ਦਾ ਤਿਲਕ, ਰੱਬ ਦੀ ਨਿਸ਼ਾਨੀ ।
ਜੋ ਲਾਵੇ ਕਰੇ ਰੱਬ, ਉਸਦੀ ਨਿਗਰਾਨੀ ।
ਹੱਸ ਹੱਸ ਉਹ, ਪਿਆਰ ਵੰਡੇਦਾ ਏ ।

ਲੋਕ ਭਲਾਈ ਉਸ, ਰੀਤ ਚਲਾਈ ।
ਲੱਵ ਪੀਸ ਯੁਨਿਟੀ, ਉਸ ਮਹਿੰਮਾ ਗਾਈ ।
ਦਾਸ ਧਰਮ ਦੀ ਉਸ, ਜੋਤ ਜਗਾਈ ਏ ।

ਸੱਚ ਦਾ ਹੋਕਾ ਗੁਰੂ ਦਰਸ਼ਨ ਦੇਵੇ ।
ਵਿਸ਼ੇ ਵਿਕਾਰਾ ਤੋਂ, ਉਹ ਦੂਰ ਕਰੇਵੇ ।
ਮਾਹੀ ਜੈਸਾ ਨਾ ਲਛਮਣ, ਕੋਈ ਏ ।

## "ਧੰਨ ਦਰਸ਼ਨ"

ਤੁਝੇ ਭੁਲਾਨਾ ਚਾਹਾ, ਭੁਲਾ ਨਾ ਪਾਏ।
ਜਿਤਨਾ ਭੁਲਾਨਾ ਚਾਹਾ, ਤੁਮ ਉਤਨੇ ਯਾਦ ਆਏ।

ਤੇਰੀ ਯਾਦ ਮੇਂ ਦਰਸ਼ਨ, ਮੋਹੇ ਕੁਛ ਨਾ ਭਾਏ।
ਤੁਮ ਵਾਇਦਾ ਕਰ ਕੇ, ਲੌਟ ਕੇ ਨਾ ਆਏ।

ਮਾਹੀ ਵੇ ਤੇਰੀ ਯਾਦ ਸਤਾਏ।
ਛੰਮ ਛੰਮ ਨੈਂਨਣ, ਨੀਰ ਵਹਾਏ।

ਤੁਮ ਵਾਇਦਾ ਕਰਕੇ ਨਾ ਆਏ,
ਅਸੀਂ ਸੁਕ ਕੇ ਤੀਲਾ ਹੋਏ।
ਯਾਦ ਤੇਰੀ 'ਚ' ਮੈਂ ਹੂਈ ਬਾਵਰੀ,
ਤੁਮ ਲੌਟ ਕੇ ਨਾ ਆਏ।

ਤੁਮ ਵਾਇਦਾ ਕਰਕੇ ਭੁਲ਼ ਗਏ,
ਤੈਨੂੰ ਮਾਸਾ ਤਰਸ ਨਾ ਆਏ।
ਤਨ ਤਪੇ ਜੇਠ ਹਾੜ ਵਾਗੂੰ, ਤੁਮ ਠੰਡੀ ਪੌਣ ਨਾ ਲਾਏ।

ਜੀਭਾ ਮੋਰੀ ਮਾਰੇ ਤਾਨੇ, ਪਰ ਰੂਹ ਸਮਝਾਏ।
ਗੁਰੂ ਦਰਸ਼ਨ ਜੈਸਾ ਨਾ ਦੋ ਜਹਾਂ ਮੇਂ,
ਲਛਮਣ ਇਹੀ ਮਿਸਰਾ ਸੁਣਾਏ।

## "ਧੰਨ ਦਰਸ਼ਨ"

ਚਿਠੀ ਆਈ ਸੱਜਨਾ ਦੀ,
ਮੈਂ ਘੁਟ ਕੇ ਕਲੇਜੇ ਨਾਲ ਲਾਈ ।
ਨੈਂਣੋ ਸੇ ਨੀਰ ਵਰਸੇ, ਜਦੋਂ ਯਾਦ ਸਜਨਾ ਦੀ ਆਈ ।

ਜਦੋਂ ਦਾ ਤੂੰ ਤੁਰ ਗਿਆ, ਸਾਨੂੰ ਛੱਡ ਪ੍ਰਦੇਸ਼ ਵੇ ।
ਹਰ ਵੇਲੇ ਕਰਾਂ, ਮਨ ਨਾਲ ਕਲੇਸ਼ ਵੇ ।
ਰੱਬਾ ਦੇਈ ਨਾ, ਕਿਸੇ ਨੂੰ ਜੁਦਾਈ ।

ਤੇਰੇ ਨਾਲ ਨੇ ਮੋਰੀਆ, ਯੱਗ ਤੇ ਬਹਾਰਾ ।
ਤੁਧ ਬਿਨ ਸਜਨਾ ਮੈਂ, ਕਿਵੇਂ ਉਮਰ ਗੁਜਾਰਾ ।
ਤੇਰਾ ਵਿਛੋੜਾ ਮੈਨੂੰ, ਵੱਡ ਵੱਡ ਖਾਈ ।

ਯਾਰਾ ਨਾਲ ਚੰਗੇ, ਲਗਦੇ ਨੇ ਮੇਲੇ ।
ਬਿਨ ਯਾਰਾ ਜਿੰਦਗੀ, ਪਈ ਝੁਮੇਲੇ ।
ਟੁੱਟ ਗਈਆ ਵੰਗਾਂ, ਸੁੰਨੀ ਹੋ ਗਈ ਕਲਾਈ ।

ਕੰਤ ਬਿਨ ਸੁਹਾਗਣ, ਸੰਧੂਰ ਨਾ ਸੋਵੇ ।
ਆ ਜਾ ਹਾਣੀਆ, ਮੋਰੀ ਜਿੰਦ ਪਈ ਰੋਵੇ ।
ਅਚਨਚੇਤ ਵੇਖ ਜਜਨ, ਲਛਮਣ ਨੇ ਈਦ ਮਨਾਈ ।

## "ਧੰਨ ਦਰਸ਼ਨ"

ਤੇਰੇ ਡੇਰੇ ਦੀ ਧੂੜ, ਚੁਕ ਕੇ ਮੱਥੇ ਲਾਵਾਂ ।
ਗੁਰੂ ਦਰਸ਼ਨ ਤੇਰਾ, ਲੱਖ ਲੱਖ ਸ਼ੁਕਰ ਮਨਾਵਾਂ ।

ਹਿੰਦੁਸਤਾਨ ਛੱਡ ਕੇ ਤੂੰ, ਲਾਇਆ ਬ੍ਰਮੀਘੰਮ 'ਚ' ਡੇਰਾ ।
ਕਿਸਮਤ ਜਾਗੀ ਯੂ ਕੇ ਦੀ, ਨਿਤ ਚੜ੍ਹਿਆ ਨਵਾਂ ਸਵੇਰਾ ।
ਤੈਨੂੰ ਛੱਡ ਕੇ ਮੈਂ, ਹੋਰ ਵੱਲ ਨਾ ਜਾਵਾਂ ।

ਸਾਰੀ ਦੁਨੀਆ 'ਚ' ਲੱਭਾ, ਨਾ ਤੇਰੇ ਜਿਹਾ ਹਮਦਰਦੀ ।
ਤੇਰੇ ਅਗੇ ਨਾ ਚੱਲੇ, ਕਿਸੇ ਦੀ ਮਰਜੀ ।
ਮਿਹਰ ਕਰੋ ਮੈਂ ਸਦਾ, ਤੇਰੇ ਗੁਣ ਗਾਵਾਂ ।

ਜਿਸ ਦੀ ਵੀ ਤੂੰ ਬਾਂਹ ਫੜੀ, ਉਹ ਨਾ ਤੂੰ ਛੱਡੀ ।
ਕੁਛ ਦਾਸਾ ਨੇ ਤੈਨੂੰ ਛੱਡ ਕੇ, ਭੁੱਲ ਕਰ ਲਈ ਵੱਡੀ ।
ਉਨਾਂ ਲੁਆ ਲਿਆ, ਚੌਰਾਸੀ 'ਚ' ਨਾਵਾਂ ।

ਤੂੰ ਹੈ ਲਛਮਣ ਕਾ ਰੱਖਸ਼ੱਕ ।
ਸਦਾ ਬਣਾਈ ਆਪਣੇ, ਦੱਰ ਦਾ ਭਿਖਸ਼ੱਕ ।
ਮਿਹਰ ਕਰੀ ਸਦਾ ਮੈਂ, ਤੇਰੀ ਰਹਿਮਤ ਵਰਤਾਵਾਂ ।

## "ਧੰਨ ਦਰਸ਼ਨ"

ਮਾਹੀ ਮੇਰਾ ਰੱਬ ਵਰਗਾ,
ਕਿਸ ਚੰਦਰੀ ਨੇ ਰੋਕ ਲਿਆ ।
ਫਿਕਰਾਂ 'ਚ' ਮੇਰੀ ਜਾਨ ਤੜਫੇ,
ਰੱਬਾ ਇਹ ਕੀ ਹੋ ਗਿਆ ।

ਸੁਭਾ ਸੇ ਮੇਰੀ ਅਖ ਫੜਕੇ ।
ਜੋਰ ਜੋਰ ਸੇ ਮੇਰਾ, ਦਿਲ ਧੜਕੇ ।
ਕਿਵੇਂ ਮੇਰੇ ਚੰਨ ਨੂੰ, ਗ੍ਰੈਹਣ ਲੱਗ ਗਿਆ ।

ਕਾਂ ਦੀ ਥਾਂ ਅਜ, ਗਿਰਜ ਬਨੇਰੇ ਤੇ ਬੈਹ ਗਈ ।
ਰੋਟੀ ਪਕਾਉਦੀ ਦੀ, ਚੁੱਨੀ ਸੜ ਗਈ ।
ਰੱਬਾ ਇਹ ਕਿਹੜਾ, ਅਪਸ਼ਗਨ ਹੋ ਗਿਆ ।

ਗੁਆਡੀ ਮੈਨੂੰ ਪੁਛਦੇ ਨੇ, ਕਿਥੇ ਤੇਰਾ ਮਾਹੀ ।
ਖਿੜਕੇ ਜਬਾਂਨ ਮੇਰੀ, ਮੈਂ ਕੁੱਛ ਨਾ ਦੱਸ ਪਾਹੀ ।
ਇਕ ਹੋਰ ਪਾਪ ਮੈਂ, ਖਾਤੇ 'ਚ' ਲਿਖਾ ਲਿਆ ।

ਘਰ ਆਇਆ ਮਾਹੀ, ਮੈਂ ਈਦ ਮਨਾਈ ।
ਖੁਸ਼ੀ ਨਾਲ ਮੈਂ, ਫੂਲੀ ਨਾ ਸਮਾਈ ।
ਦਰਸ਼ਨ ਮਾਹੀ ਨੇ, ਬੁੱਕਲ 'ਚ' ਘੁੱਟ ਲਿਆ ।

(64)

"ਧੰਨ ਦਰਸ਼ਨ"

ਪੈ ਗਿਆ ਵੇ ਢੋਲਾ ਹੁਣ, ਅੰਬੀਆ ਨੂੰ ਬੂਰ ।
ਤੂੰ ਕਿਉ ਹੋ ਗਿਆ, ਮੋਥੋ ਦੂਰ ।
ਢੋਲਾ ਹੁਣ ਆ ਵੀ ਜਾ ।

ਤੇਥੋਂ ਵਗੈਰ ਹੋਇਆ, ਤੱਨ ਪੀਲਾ ਜਰਦ ।
ਤੂੰ ਹੀ ਹੈ, ਮੇਰੇ ਦਵਾ ਕੀ ਮਰਜ ।
ਆ ਕੇ ਤਬੀਬਾ, ਨੱਬਜ਼ ਵੇਖ ਜਾ ।

ਤੇਥੋਂ ਵਗੈਰ ਨਾ, ਕੋਈ ਮੇਰਾ ਸਾਥੀ ।
ਤੇਥੋਂ ਵਗੈਰ ਨਾ, ਕੋਈ ਮੇਰਾ ਸਾਕੀ ।
ਆ ਕੇ ਹਬੀਬ, ਹੌਸਲਾ ਦੇ ਜਾ ।

ਤੇਰੇ ਸੰਗ ਆਏ, ਮਨ ਕੋ ਚੈਨ ।
ਪਤਾ ਨਾ ਲੱਗੇ ਕਦੋਂ, ਗੁਜਰ ਜਾਏ ਰੈਨ ।
ਮੋਹੇ ਆ ਕੇ, ਦਿਲਾਸਾ ਦੇ ਜਾ ।

ਦਿਲ ਕਰਦਾ ਏ, ਪ੍ਰੇਮ ਦੀ ਪੀਂਘ ਪਾਉਣ ਨੂੰ ।
ਦੇਰ ਨਾ ਲਾ ਆ ਜਾ, ਦਿਲ ਪ੍ਰਚਾਉਣ ਨੂੰ ।
ਮੇਰੀ ਇਲਤਜਾ ਨੂੰ, ਆ ਕੇ ਸੁਣ ਜਾ ।

ਲਛਮਣ ਨੇ ਰੁਸਿਆ, ਢੋਲ ਮਨਾ ਲਿਆ ।
ਕਰ ਕੇ ਸ਼ੋਲਾ ਸ਼ਿੰਗਾਰ, ਤੱਨ ਕੋ ਸਜਾ ਲਿਆ ।
ਕੰਬਦੇ ਨੇ ਹੱਥ ਘੁੰਡ, ਚੁਕਿਆ ਨਾ ਜਾ ।

## "ਧੰਨ ਦਰਸ਼ਨ"

ਜਦੋ ਮੇਨਕਾ ਦਾ ਪਿਆ ਚਮਕਾਰਾ,
ਰਿਸ਼ੀ ਡਾਵਾ ਡੋਲ ਹੋ ਗਿਆ ।
ਜਦੋਂ ਅਖ ਨਾਲ ਅਖ ਲੜੀ,
ਰਿਸ਼ੀ ਦੀਵਾਨਾ ਹੋ ਗਿਆ ।

ਤੇਰੀ ਮੁਸਕਾਨ ਨੇ, ਮੋਹ ਲਿਆ ਵਿਸ਼ਵਾਮਿਤ੍ਰ ।
ਤੂੰ ਕੀ ਬੇਬਫਾਈ, ਤੇ ਨਾ ਬਣੀ ਮਿਤ੍ਰ ।
ਅਠਾਸੀ ਹਜ਼ਾਰ ਸਾਲ ਦਾ, ਤੱਪ ਗੁਆ ਲਿਆ ।

ਤੇਰੀ ਮੋਰਨੀ ਜੈਸੀ ਚਾਲ ।
ਯਾਰਾ ਦੇ ਦਿਲ 'ਚ', ਪਾ ਦਿਤਾ ਕੁਚਾਲ ।
ਸਾਰਾ ਜੱਗ ਤੇਰਾ, ਦੀਵਾਨਾ ਹੋ ਗਿਆ ।

ਤੇਰੇ ਰੂਪ ਦੀਆ ਧੁੰਮਾ, ਪਈਆ ਤੱਖਤ ਹਜਾਰੇ ।
ਰਾਂਝਾ ਛੱਡ ਭਰਾਵਾ, ਤੇਰੀਆ ਮੱਝਾਂ ਚਾਰੇ ।
ਤੂੰ ਤੁਰ ਗਈ ਸੌਹਰੇ, ਰਾਂਝਾ ਫਕੀਰ ਹੋ ਗਿਆ ।

ਸੋਹਣੀ ਵੇਖ ਮਹੀਵਾਲ, ਖੋ ਗਿਆ ਹੋਸ਼ ਹਵਾਸ ।
ਜਦੋਂ ਨਾ ਦਿਸੇ ਸੋਹਣੀ, ਹੋ ਜਾਏ ਉਦਾਸ ।
ਲਛਮਣ ਕਹੇ ਰੱਬਾ, ਇਹ ਕੀ ਹੋ ਗਿਆ ।

## "ਧੰਨ ਦਰਸ਼ਨ"

ਯਾਰਾ ਵੇ, ਤੂੰ ਕਿਉ ਜਾ ਕੇ ਬੈਹ ਗਿਆ ਦੂਰ ।
ਤੂੰ ਦਸਿਆ ਨਾ, ਮੇਰਾ ਕੋਈ ਕਸੂਰ ।
ਨੈਂਣ ਨੀਰ ਵਹੇਂਦੇ ।

ਨੈਣ ਨੈਣਾ ਦੀ ਕੰਰਨ ਗੁਲਾਮੀ ।
ਉਹ ਨਾ ਡਰਦੇ, ਹੋਣੋਂ ਬਦਨਾਮੀ ।
ਯਾਰ ਯਾਰ ਕਰੇਂਦੇ ।

ਤੇਰੇ ਨੈਂਣਾ ਦੇ, ਲੱਖਾ ਨੇ ਮੱਸਤਾਨੇ ।
ਮੇਰੇ ਜਿਹੇ ਤੇਰੇ, ਲੱਖਾ ਨੇ ਦੀਵਾਨੇ ।
ਸ਼ਮਾ ਪੇ, ਜਾਨ ਮਟੇਂਦੇ ।

ਬੁਲੇ ਨੇ ਨੱਚ ਕੇ, ਯਾਰ ਮਨਾਇਆ ।
ਗੋਰਖ ਨੇ ਮਛੰਦਰ ਨੂੰ, ਜੱਲਵਾ ਦ੍ਵਿਖਾਇਆ ।
ਈਹਾਂ ਉਹਾਂ ਯਾਰ ਵਸੇਂਦੇ ।

ਨੈਣੋਂ ਮੇਂ ਸਮਾਏ, ਯਾਰ ਕੀ ਹੱਸਤੀ ।
ਜੋ ਵੇਖੇ, ਚੱੜ ਜਾਏ ਮੱਸਤੀ ।
ਗੁਰੂ ਲਾਧੋ ਨੇ ਕਰੇਂਦੇ ।

ਲਛਮਣ ਕਾ ਗੁਨਾਹ, ਬਖਸ਼ਿਆ ਬਖਸ਼ਣਹਾਰ ।
ਦੋਨੋਂ ਜਹਾਂ ਮੇਂ ਨਾਂਹੀ, ਦਰਸ਼ਨ ਜੈਸਾ ਯਾਰ ।
ਯੁਗੋ ਯੁਗ ਕਰੇਂਦੇ ।

## "ਧੰਨ ਦਰਸ਼ਨ"

ਮਾਹੀ ਵੇ ਮਾਹੀ ਆ ਗਈ, ਬਸੰਤ ਬਹਾਰ ।
ਹੁੰਦਾ ਨਹੀਂ ਹੁਣ ਇੰਤਜਾਰ ।
ਮੋੜਾ ਪਾ ਲੈ, ਵੱਤਨਾ ਨੂੰ ।

ਤੇਰੇ ਹੁੰਦਿਆ ਸੀ, ਫਿਕਰ ਨਾ ਕੋਈ ।
ਤੇਰੇ ਘਰਦਿਆਂ ਨੇ, ਲਾਹ ਲਈ ਲੋਈ ।
ਹਰ ਵੇਲੇ ਦਿੰਦੇ ਅਲਾਬਾਂ ਮੈਨੂੰ ।

ਹੁਕਮ ਤੇਰਾ ਮੰਨਿਆ, ਗੁਨਾਹ ਤੇ ਨਹੀ ਕੀਤਾ ।
ਤੇਰੇ ਲਈ ਮੈਂ, ਜਹਿਰ ਪਿਆਲਾ ਪੀਤਾ ।
ਸਦਾ ਰੱਖੀ ਕੋਲ ਮੈਨੂੰ ।

ਤੇਰੇ ਡਰ ਨਾਲ ਸੀ, ਮੈਨੂੰ ਕਹਿੰਦੇ ਸਿਆਣੀ ।
ਹੁਣ ਕਹਿੰਦੇ ਨੇ, ਕਮਲੀ ਨੌਕਰਾਣੀ ।
ਮਾਹੀਆ ਕੀ ਕੀ, ਦੱਸਾ ਦੁੱਖ ਤੈਨੂੰ ।

ਮਾਹੀ ਆਇਆ ਮੈਂ, ਹੋ ਗਈ ਨਵੀਂ ਨਰੋਈ ।
ਸਖੀਓ ਹੁਣ ਮੈਨੂੰ, ਡਰ ਨਾ ਕੋਈ ।
ਲਛਮਣ ਦੇ ਪੈ ਗਈ, ਠੰਡ ਕਲੇਜੇ ਨੂੰ ।

## "ਧੰਨ ਦਰਸ਼ਨ"

ਕਿਸਨੇ ਤੁਝੇ ਇਤਨਾ, ਹਸੀਂ ਬਣਾਇਆ ।
ਕਿਸਨੇ ਤੁਝੇ ਇਤਨਾ, ਨੱਖਰਾ ਸਖਾਇਆ ।
ਰੱਬਾ ਮੋਹੇ ਸੱਮਝ ਨਾ ਆਏ ।

ਤੂੰ ਨੇ ਮੇਨਕਾ ਸਜਾਈ ।
ਜਿਸਨੇ ਵਿਸ਼ਵਾਮਿਤ੍ਰ ਕੀ, ਸੁਰਤ ਭਲਾਈ ।
ਹੋਸ਼ ਆਈ ਮੱਥੇ, ਹੱਥ ਮਾਰਦਾ ਏ ।

ਹੁਸਨ ਜਦੋਂ, ਕਰਦਾ ਏ ਵਾਰ ।
ਜੀਵ ਹੋ ਜਾਂਦਾ ਏ ਨਕਾਰ ।
ਰਿਸ਼ੀ ਮੁਨੀ, ਧੋਖੇ ਮੇਂ ਆਏ ।

ਉਹ ਡੁੱਬ ਗਏ, ਅਸੀਂ ਕਿਹਦੇ ਵੇਚਾਰੇ ।
ਹਮ ਪਰ ਵਿਸ਼ੇ, ਵਿਕਾਰੋਂ ਨੇ ਖੰਭ ਖਿਲਾਰੇ ।
ਪੀਰ ਪੈਗੰਬਰ ਵੀ, ਬੱਚ ਨਾ ਪਾਏ ।

ਹੁਸਨ ਨੇ ਬਾਰਾ ਸਾਲ, ਸੁਲੇਮਾਨ ਤੋਂ ਭੱਠ ਝੋਕਾਇਆ ।
ਤਾਂ ਜਾ ਕੇ ਉਸਦੇ, ਸਮਝ ਆਇਆ ।
ਲਛਮਣ ਹੁਸਨ ਤੋਂ, ਕੋਈ ਜਿਤ ਨਾ ਪਾਏ ।

## "ਧੰਨ ਦਰਸ਼ਨ"

ਜਦੋਂ ਯਾਦ, ਸਜਨਾ ਦੀ ਆਈ ।
ਪਲਸੇਟੇ ਮਾਰਦਿਆ, ਨੀਂਦ ਗੁਆਈ ।
ਆ ਜਾ ਵੇ ਆ ਜਾ, ਅੱਬ ਤੇ ਆ ਜਾ ।

ਤੇਰੇ ਨਾਲ,ਅਸਾਂ ਪ੍ਰੀਤ ਪਾਈ ।
ਝੱਲੀ ਨਾ ਜਾਏ, ਤੇਰੀ ਜੁਦਾਈ ।
ਅਬ ਔਰ ਨਾ ਤੱੜਫਾ ।

ਤੁਧ ਬਿਨ ਮੈਂ ਹੋਈ ਬਾਵਰੀ ।
ਮਾਫ ਕਰੋ, ਕਹੇ ਦਾਸਰੀ ।
ਤੂੰ ਜਿਤਿਆ ਮੈਂ ਹਾਰੀ ।

ਤੁਧ ਬਿਨ ਕੁਛ, ਅਛਾ ਨਾ ਲੱਗੇ ।
ਤੁਧ ਬਿਨ ਦੁਖੜਾ ਫੋਲਾ ਕਿਹਦੇ ਅਗੇ ।
ਮੈਂ ਜਾਵਾਂ ਤੇਥੋਂ ਬਲਿਹਾਰ ।

ਕੋਈ ਆਣ ਮਿਲਾਵੇ ਮਹਿਰਮ ਯਾਰ ।
ਉਸ ਪੇ ਦੇਵਾਂ ਮੈਂ, ਜਿੰਦ ਬਾਰ ।
ਲਛਮਣ ਰੋ ਤੋ ਪਾਏ ਦੁਹਾਈ ।

## "ਧੰਨ ਦਰਸ਼ਨ"

ਤੇਰੇ ਚਮਨ ਦੇ, ਰੰਗ ਰੰਗੀਲੇ ।
ਤੇਰੇ ਨਾਲ ਲਗਦੇ ਨੇ, ਚੰਗੇ ਮੇਲੇ ।
ਆ ਜਾ ਵੇ ਆ ਜਾ ਲਾਗੇ, ਸੁੰਨਾ ਵਿਹੜਾ ।

ਤੇਰੀ ਮੇਰੀ ਪ੍ਰੇਮ ਕਹਾਣੀ ।
ਤੇਰੇ ਦਿਲ ਕੀ, ਮੈਂ ਹੂੰ ਰਾਣੀ ।
ਲੱਗੇ ਨਾ ਆਸ਼ਕਾ ਨੂੰ, ਚੰਗਾ ਖੇੜਾ ।

ਤੂੰ ਮੇਰਾ ਹਰਮਨ ਪਿਆਰਾ ।
ਲਾਈ ਨਾ ਤੂੰ ਹੁਣ, ਮੈਨੂੰ ਲਾਰਾ ।
ਇਸ਼ਕ 'ਚ' ਨਾ, ਪੈਣ ਤ੍ਰੇੜਾ ।

ਮੈਂ ਹਾਂ ਵੇ, ਤੇਰੀ ਦੀਵਾਨੀ ।
ਮੇਰੇ ਦਿਲ ਦਾ, ਤੂੰ ਦਿਲਜਾਨੀ ।
ਰਕੀਬੋ ਨੇ ਮੇਰੇ, ਜਖਮੋਂ ਕੋ ਛੇੜਾ ।

ਲਛਮਣ ਕੋ ਹੈ, ਤੇਰੀ ਲੋੜ ।
ਤੇਥੋਂ ਵਗੈਰ ਮੇਰਾ, ਕੋਈ ਨਾ ਹੋਰ ।
ਆ ਜਾ ਵੇ ਆ ਜਾ, ਬੰਨ ਕੇ ਸਿਹਰਾ ।

## "ਧੰਨ ਦਰਸ਼ਨ"

ਸੋਹਣੇ ਦਿਲ ਵਾਲਿਆ ।
ਮਿਰਗ ਨੈਣਾ ਵਾਲਿਆ ।
ਹਮ ਹੈਂ ਦੀਵਾਨੇ, ਤੇਰੇ ਪਿਆਰ ਕੇ ।

ਹਰਪੱਲ ਤੇਰੀ ਯਾਦ ਸਤਾਏ ।
ਰਾਤ ਕੋ ਮੋਹੇ, ਨੀਂਦ ਨਾ ਆਏ ।
ਬੇਚੈਨ ਹੋ ਗਏ, ਤੁਝ ਸੇ ਦਿਲ ਲਗਾ ਕੇ ।

ਪਿਆਰ ਮੇਂ ਨਹੀਂ ਹੋਤੀ ਸੌਂਦੇਬਾਜੀ ।
ਤੂੰ ਨੇ ਲਗਾਈ, ਦਿਲ ਬਟਾਨੇ ਕੀ ਬਾਜੀ ।
ਹੋਸ਼ ਗੁਆ ਬੈਠੇ, ਤੁਝ ਸੇ ਦਿਲ ਲਗਾ ਕੇ ।

ਮੈਂ ਹਾਂ ਤੇਰੀ, ਸੋਹਣੀ ਹੀਰ ।
ਪਿਆਰ ਸੇ ਮਾਰਾ, ਤੇਰੇ ਨੈਂਣੋ ਨੇ ਤੀਰ ।
ਦਿਲ ਖੋ ਗਿਆ, ਨੈਂਣੋ ਕਾ ਤੀਰ ਖਾ ਕੇ ।

ਮੋਹ ਲਈ ਲਛਮਣ, ਪਰੀਆ ਕਾ ਰਾਣੀ ।
ਤੇਰੇ ਬੋਲ ਨੇ, ਅਮਰ ਕਹਾਣੀ ।
ਹਮ ਲੁਟ ਗਏ ਤੁਝ ਸੇ, ਨੈਂਣ ਮਿਲਾ ਕੇ ।

## "ਧੰਨ ਦਰਸ਼ਨ"

ਆ ਜਾ ਰੇ ਆ ਜਾ ਪੀਆ ।
ਤੁਝ ਕੋ ਦਿਲ ਦੀਆ ।
ਉਹ ਪੀਆ, ਉਹ ਪੀਆ ।

ਅੰਬੀਆ ਨੂੰ, ਪੈ ਗਿਆ ਬੂਰ ਵੇ ।
ਤੂੰ ਕਿਉ ਹੋਇਆ, ਸਾਥੋ ਦੂਰ ਵੇ ।
ਮਿਲ਼ਨੇ ਕੋ ਤਰਸੇ, ਮੋਰਾ ਜੀਆ ।

ਤੂੰ ਮੇਰਾ ਰਾਜਾ, ਮੈਂ ਤੇਰੀ ਰਾਣੀ ।
ਤੇਰੀ ਮੇਰੀ ਪ੍ਰੇਮ ਕਹਾਣੀ ।
ਚਰਚਾ ਕਰਤੇ ਸੱਭ ਜੀਆ ।

ਤੂੰ ਏ ਮੇਰੀ, ਜਿੰਦਗਾਨੀ ।
ਮੈਂ ਹਾਂ ਤੇਰੀ, ਦੀਵਾਨੀ ।
ਤੁਝ ਬਿਨ ਲਾਗੇ ਨਾ ਜੀਆ ।

ਲਛਮਣ ਕੇ ਦਿਲ ਕੋ, ਕੁਛ ਹੂਆ ।
ਜਬ ਪੀਆ ਸਾਹਮਣੇ ਹੂਆ ।
ਦਿਲ ਸਮਰਪਨ ਤੁਝ ਕੋ ਕੀਆ ।

## "ਧੰਨ ਦਰਸ਼ਨ"

ਜਦੋ ਯਾਦ ਤੇਰੀ ਆਏ ।
ਦਿਲ ਧੱੜਕੇ, ਅਖ ਸ਼ਰਮਾਏ ।
ਰੱਬਾ ਮੋਹੇ ਪਿਆਰ ਹੋ ਗਿਆ ।

ਦੂਨੀਆ ਮੈਨੂੰ ਆਖਦੀ ਝੱਲੀ ।
ਗੱਲ 'ਚ' ਪਾਈ ਮੈਂ, ਤੇਰੇ ਨਾਂ ਦੀ ਟੱਲੀ ।
ਦਿਲ ਤੇਰਾ ਦੀਵਾਨਾ ਹੋ ਗਿਆ ।

ਤੇਰੀ ਸੂਰਤ ਦਿਲ 'ਚ' ਵਸਾਈ ।
ਤੇਰੇ ਨਾਂ ਦੀ ਰੱਟ ਲਗਾਈ ।
ਤੁਝ ਪੇ ਦਿਲ ਆ ਗਿਆ ।

ਤੂੰ ਹੈ ਮੇਰਾ ਹਰਮਨ ਪਿਆਰਾ ।
ਤੂੰ ਹੈ ਮੇਰੇ ਦਿਲ ਕਾ ਤਾਰਾ ।
ਤੁਧ ਸੰਗ . ਨਿਹਾਲ ਹੋ ਗਿਆ ।

ਪਿਆਰ 'ਚ' ਨਹੀਂ ਗਿਲਿਆਜਾਰੀ ।
ਪਿਆਰ 'ਚ' ਸਿਰਫ ਤਾਬਿਆਦਾਰੀ ।
ਲਛਮਣ ਕੇ ਪਿਆਰਾ, ਕਰੀਬ ਆ ਗਿਆ ।

## "ਧੰਨ ਦਰਸ਼ਨ"

ਮੈਂ ਤੇਰੀ ਜੋਗਨ ਵੇ, ਤੂੰ ਮੇਰਾ ਜੋਗੀ ।
ਤੇਰੇ ਵਿਛੋੜੇ ਨੇ, ਮੈਨੂੰ ਕੀਤਾ ਰੋਗੀ ।
ਘਰ ਆ ਜਾ ਸੋਹਣਿਆ ।

ਮੈਂ ਤੇਰੀ ਹੀਰ ਵੇ, ਤੂੰ ਮੇਰਾ ਰਾਂਝਾ ।
ਕਸਮ ਖਾਧੀ ਸੀ ਕਰਾਂਗੇ, ਦੁਖ ਸੁਖ ਸਾਂਝਾ ।
ਵਾਇਦਾ ਨਿਭਾ, ਦੇ ਸੋਹਣਿਆ ।

ਤੇਰੀ ਮੇਰੀ ਪ੍ਰੀਤ ਕੋ, ਬੇਦਰਦ ਜਮਾਨਾ ਕਿਆ ਜਾਨੇ ।
ਬੇਦਰਦੀ ਕਿਸੀ ਕੋ ਕਿਆ ਪਛਾਨੇ ।
ਦਿਲ ਕੀ ਧੜਕਨ, ਸੁਣ ਵੇ ਸੋਹਣਿਆ ।

ਕੀਆ ਹੈ ਪਿਆਰ, ਕੀਆ ਨਾ ਗੁਨਾਹ ਵੇ ।
ਪਿਆਰ ਹੈ ਤਿਆਗ, ਫਿਰ ਰੰਜਸ਼ ਕਾਹਦੀ ਵੇ ।
ਮੋਹੇ ਦਿਲਾਸਾ, ਦੇ ਜਾ ਸੋਹਣਿਆ ।

ਤੇਰੀ ਜੁਦਾਈ ਮੇਂ, ਭੁੱਲ ਗਿਆ ਸ਼ਿੰਗਾਰ ।
ਦਿਨ ਲੰਘ ਜਾਏ, ਕਰ ਕਰ ਇੰਤਜਾਰ ।
ਲਛਮਣ ਕੀ ਜੋਤ, ਬੁਝ ਚਲੀ ਵੇ ਸੋਹਣਿਆ ।

## "ਧੰਨ ਦਰਸ਼ਨ"

ਤੁਧ ਬਿਨ ਸੱਖਣਾ ਵਿਹੜਾ ਹੋਇਆ ।
ਤੇਥੋਂ ਵਗੈਰ ਦਿਲ, ਰਾਤ ਦਿਨ ਰੋਇਆ ।
ਘਰ ਆ ਜਾ ਸੋਹਣਿਆ ।

ਮਾਹੀ ਮੇਰਾ ਗਿਆ ਪ੍ਰਦੇਸ ।
ਚੰਗਾ ਨਾ ਲਾਗੇ ਮੋਹਿ, ਉਹ ਦੇਸ਼ ।
ਇੰਤਜਾਰ 'ਚ' ਜਾਨ, ਵਿਆਕਲ ਹੋਈਆ ।

ਕਾਗ ਉਡਾਵਾ, ਔਸੀਆ ਪਾਂਵਾ ।
ਦਿਲ ਚੰਦਰੇ ਨੂੰ ਪਈ ਸਮਝਾਵਾਂ ।
ਹਾਰ ਸ਼ਿੰਗਾਰ ਨਾ ਮਨ ਕੋ ਭਾਇਆ ।

ਦੂਧ ਰਿੜਕਨ ਵੇਲੇ, ਤੇਰੀ ਯਾਦ ਆਈ ।
ਮੱਖਣ ਕੱਡਣ ਵੇਲੇ, ਤੇਰੀ ਯਾਦ ਆਈ ।
ਆ ਕੇ ਮੱਖਣ, ਖਾ ਜਾ ਸੋਹਣਿਆ ।

ਅਚਨਚੇਤ ਢੋਲ ਵੇਖ, ਮੈਂ ਬਾਗ ਬਾਗ ਹੋਈ ।
ਇਨੀ ਖੁਸ਼ੀ ਮੈਨੂੰ, ਕਦੇ ਨਾ ਹੋਈ ।
ਲਛਮਣ ਕਿਸਮਤ ਦੀ ਧਨੀ ਬਣੀਆਂ ।

## "ਧੰਨ ਦਰਸ਼ਨ"

ਚੰਨ ਵੇ ਮੈਂ ਤੇਰੀਆ, ਸੁਗਾਤਾ ਸਾਂਭ ਕੇ ਰੱਖੀਆ ।
ਤੱਕ ਤੱਕ ਉਨਾਂ ਨੂੰ, ਨਾ ਥੱਕਦੀਆ ਅਖੀਆ ।
ਮੇਰੀ ਪਿਆਸ ਬੁਝਾ ਜਾ ਵੇ ।

ਤੇਰੇ ਨਾਂ ਦੀ ਮੈਂ, ਗਲ ਪਾਈ ਗਾਨੀ ।
ਜਿਸਦੀ ਸਾਰੀ ਦੁਨੀਆ ਦੀਵਾਨੀ ।
ਦਿਲ ਨੂੰ ਠੰਡਕ ਪਾ ਜਾ ਵੇ ।

ਸਖੀਆ ਮੋਹੇ ਮਾਰਨ ਤਾਨੇ ।
ਤੂੰ ਜਾ ਬੈਠਾ ਦੇਸ਼ ਬੇਗਾਨੇ ।
ਦਿਲ ਤਾਨੇ ਨਾ, ਝਲੇਂਦਾ ਵੇ।

ਤੂੰ ਹੈ ਮੇਰਾ, ਹਰਮਨ ਪਿਆਰਾ ।
ਐਵੇਂ ਲਾਈ ਨਾ ਜਾ ਲਾਰਾ ।
ਆਉਣ ਦਾ ਪੱਤਾ ਬੱਤਾ ਵੇ।

ਤੇਰੇ ਪਿਆਰ 'ਚ' ਮੈਂ ਹੋ ਗਈ ਝੱਲੀ ।
ਰਿਹਾ ਨਾ ਜਾਏ, ਮੇਥੋਂ ਇਕੱਲੀ ।
ਲਛਮਣ ਕੀ ਮਾਂਗ, ਭਰ ਜਾ ਵੇ ।

"ਧੰਨ ਦਰਸ਼ਨ"

ਮੇਰੇ ਦਿਲ ਜਾਨੀਆ, ਦਿਲ ਦੁੱਖਦਾ ਏ ਮੇਰਾ, ਦੇਖ ਕੇ ਵੈਰਾਨੀਆ ।
ਤੇਰੇ ਜਾਣ ਦੀ ਉਡੀਕ ਸੀ, ਇਨਾਂ ਦਾਸ ਜਾਨੀਆ ਨੂੰ,
ਜੋ ਕਰਦੇ ਨੇ ਹੁਣ, ਆਪਣੀਆ ਮਨ ਮਾਨੀਆ ।

ਤੇਰੇ ਨਾਲ ਕੀਤੇ ਸੀ ਜਿਨਾਂ ਨੇ ਕੌਲ ।
ਉਨਾਂ ਨੇ ਬਣਾਇਆ, ਇਨਾਂ ਦਾ ਮਖੌਲ ।

ਇਹ ਸੱਭ ਕੁਝ ਵੇਖ ਕੇ, ਦਿਲ 'ਚ' ਪਿਆ ਖੌਲ ।
ਤੇਰੀ ਸਾਂਝ ਦਾ ਇਨਾਂ, ਬੱਦਲਿਆ ਮਹੌਲ ।

ਸਤਸੰਗ ਸੁਣ ਕੇ, ਇਹ ਕਰਦੇ ਨੇ ਮਜਾਕ ।
ਲਾਜ ਨਾ ਆਈ, ਇਨਾਂ ਕੀਤਾ ਮੋਹੇ ਹਲਾਕ ।

ਬੰਦਸ਼ ਸੀ ਸ਼ਰਾਬ ਮੀਟ ਆਂਡੇ ਦੀ, ਪਰ ਇਨਾਂ ਨੇ ਬਣਾ ਲਈ ਖੁਰਾਕ।
ਦਰਸ਼ਨ ਇਹ ਸੁਣ ਕੇ, ਦਿਲ ਚੋਂ ਨਿਕਲਦੀ ਤਹਾਕ ।

ਗੁਰੂ ਦਰਸ਼ਨ ਤੂੰ ਚੁਣਿਆ ਸੀ, ਸਤਸੰਗਾ ਲਈ ਮੈਨੂੰ ।
ਜਦੋਂ ਇਹ ਕਰੇਂਦੇ ਸਤਸੰਗਾਂ ਦਾ ਮਜਾਕ, ਦਿਲ ਫਿਟਕਾਰਾ ਮਾਰੇ ਮੈਨੂੰ

ਇਨਾਂ ਆਪਣੇ ਅੰਦਰ ਝਾਤੀ ਨਹੀਂ ਮਾਰੀ,
ਪਰ ਇਲਾਹਮਾ ਦਿੰਦੇ ਨੇ ਤੈਨੂੰ ।
ਲਛਮਣ ਕਿਥੇ ਇਹ ਤੇਰੇ ਗੋਡੇ ਮੁੱਡ ਬਹਿੰਦੇ ਸੀ,
ਹੁਣ ਦੂਰ ਜਾ ਕੇ ਬਹਿ ਗਏ, ਛੱਡ ਕੇ ਤੈਨੂੰ ।

## "ਧੰਨ ਦਰਸ਼ਨ"

ਸੋਹਣਾ ਮੇਰਾ ਸੋਹਣਾ, ਸੋਹਣਿਆ ਚੋਂ ਸੋਹਣਾ ।
ਸੋਹਣਾ ਮਨਮੋਹਣਾ, ਮੇਰਾ ਸੋਹਣਾ ।

ਸੋਹਣਾ ਸੋਹਣਾ ਕਰਦੀ ਨੀ, ਮੈਂ ਆਪੇ ਸੋਹਣਾ ਹੋਈ ।
ਸੋਹਣਿਆ ਸੰਗ ਕਰੇਂਦੇ ਕਰੇਂਦੇ, ਮੈਂ ਸੋਹਣੇ ਦੀ ਹੋਈ ।
ਦਿਲ 'ਚ' ਵਸੇਂਦਾ, ਮੇਰਾ ਸੋਹਣਾ ।

ਸੋਹਣਾ ਮੇਰਾ, ਕਣ ਕਣ 'ਚ' ਵਸੇਂਦਾ ।
ਹਰ ਹਰ ਦੀ ਉਹ, ਗਲ ਸੁਣੇਂਦਾ ।
ਈਹਾਂ ਉਹਾਂ ਸੁਣੇ, ਮੇਰਾ ਸੋਹਣਾ ।

ਸੋਹਣੇ ਸੰਗ ਅਸਾਂ, ਪ੍ਰੀਤ ਲਗਾਈ ।
ਸੋਹਣੇ ਦੇ ਨਾਂ ਦੀ, ਅਸਾਂ ਰਟ ਲਗਾਈ ।
ਭਵਸਾਗਰ ਪਾਰ ਲੰਘੇਂਦਾ, ਮੇਰਾ ਸੋਹਣਾ ।

ਸੋਹਣੇ ਦੀ ਚਰਨ ਧੂੜ ਸੇ, ਮੈਂ ਕੰਚਨ ਹੋਈ .
ਲਥਾਂ ਪੜਦਾ, ਮੈਂ ਸੋਹਣੇ ਸੰਗ ਜਾ ਖਲੋਈ ।
ਲਛਮਣ ਨਿਭਾਏ ਕੌਲ, ਮੇਰਾ ਸੋਹਣਾ ।

## "ਧੰਨ ਦਰਸ਼ਨ"

ਜਦੋਂ ਯਾਦ ਸਜਨਾ ਦੀ ਆਈ ।
ਬਿਰਹੋ ਨੇ ਤੱਰਥੱਲੀ ਮਚਾਈ ।
ਛੰਮ ਛੰਮ ਰੋਣ ਅਖੀਆ ।

ਦਿਲ ਤੜਫੇ, ਮਾਹੀ ਦੇ ਵਸੱਲ ਨੂੰ ।
ਕਾਸਦ ਹੱਥ ਭੇਜਿਆ, ਸੁਨੇਹੇ ਨੂੰ ।
ਆ ਜਾ ਵੇ, ਕਿਉ ਦੇਰ ਲਗਾਈਆ ।

ਪੈ ਗਏ ਨੇ ਕਪਾਹੀ ਫੁਲ ਵੇ।
ਤੂੰ ਕਿਉ ਗਿਆ, ਸਾਨੂੰ ਭੁਲ ਵੇ।
ਵਾਇਦੇ ਨੂੰ ਯਾਦ, ਕਰ ਵੇ ਸਾਈਆਂ ।

ਨੀਲੀ ਛੱਤ ਥੱਲੇ, ਗਵਾਹ ਬਣਾਇਆ ਖ਼ੁਦਾ ।
ਯਾਦ ਕਰ ਲਾ, ਨਾ ਲਾ ਲਾਜ ਬਫਾਂ ।
ਦਿਲ ਪਾਉਦਾ ਏ, ਰੋ ਰੋ ਦੁਹਾਈਆ ।

ਮਾਹੀ ਨੇ ਆਉਣ ਦੀ, ਚਿਠੀ ਪਾਈ ।
ਮੁਕ ਗਈ ਉਡੀਕ, ਵਸੱਲ ਦੀ ਘੜੀ ਆਈ ।
ਤੱਕ ਮਾਹੀ ਲਛਮਣ, ਈਦ ਮਨਾਈਆ ।

"ਧੰਨ ਦਰਸ਼ਨ"

ਸੱਜਨਾ ਦੀ ਚਿਠੀ ਆਈ ।
ਅਸਾਂ ਘੁਟ ਕੇ, ਕਲੇਜੇ ਨਾਲ ਲਾਈ ।
ਘਰ ਆ ਜਾ ਸੋਹਣਿਆ ।

ਤੇਥੋਂ ਵਗੈਰ, ਮੇਰਾ ਨਾ ਕੋਈ ।
ਤੇਥੋਂ ਵਗੈਟ, ਮਿਲੇ ਨਾ ਢੋਈ ।
ਜੱਗ ਵਾਲਾ ਮੇਲਾ ਲਗੇ, ਚੰਗਾ ਨਾ ਸੋਹਣਿਆ ।

ਤੇਰੀ ਮੇਰੀ ਪ੍ਰੀਤ ਏ ਅਚੋਕੀ ।
ਕੌਣ ਜਾਦਾ ਏ, ਤੈਨੂੰ ਰੋਕੀ ।
ਮੈਨੂੰ ਦੱਸ ਦੇ ਸੋਹਣਿਆ ।

ਮੇਰੀ ਅਲੜ ਜੁਆਨੀ, ਠਾਟਾ ਮਾਰੇ ।
ਤੱਕ ਤੱਰ ਰਾਹ, ਥੱਕ ਗਏ ਨੈਂਣ ਵਚਾਰੇ ।
ਹੁਣ ਤੇ ਤੱਰਸ, ਖਾ ਲੈ ਸੋਹਣਿਆ ।

ਚਿਠੀ ਪੜ ਪੜ ਮੈਂ, ਕਰਾਂ ਸਲਾਮ ।
ਚਿਠੀ 'ਚ' ਆਇਆ, ਮਾਹੀ ਦਾ ਪੈਗਾਮ ।
ਲਛਮਣ ਵਜੀ, ਸ਼ਹਨਾਈ ਸੋਹਣਿਆ ।

## "ਧੰਨ ਦਰਸ਼ਨ"

ਅਸਾਂ ਤੈਨੂੰ ਰੱਬ, ਮੰਨਿਆ ਮੇਰੇ ਯਾਰਾ ।
ਤੁਧ ਬਿਨ ਮੇਰਾ, ਹੁੰਦਾ ਨਹੀਂ ਗੁਜਾਰਾ ।
ਤੂੰ ਪੜਦਾ ਕਿਉ, ਰੱਖਿਆ ਏ ।

ਘੁੰਡ ਚੱਕ ਦਿਖਾ ਦੇ ਜੱਲਵਾ ।
ਤੇਰੀ ਦੀਦ ਕੋ ਤੱਰਸੇ ਦਿਲਵਾ ।
ਤੇਰਾ ਲਾਗੇ, ਨਾ ਕੋਈ ਮੁਲ ਵੇ ।

ਤੇਰੀ ਏ ਸਾਰੀ ਦੁਨੀਆ ਦੀਵਾਨੀ ।
ਤੇਰੇ ਨਾਲ ਏ ਸਾਡੀ ਜਿੰਦਗਾਨੀ ।
ਕਿਉ ਛੁਪ ਕੇ ਹੱਸਨਾ ਏ ।

ਤੇਰੇ ਨੇ ਲੱਖਾ ਪਰਵਾਨੇ ।
ਮੇਰੇ ਦਿਲ ਦੀਆ, ਤੂੰ ਹੀ ਜਾਨੇ ।
ਬੱਫਾ ਦਾ ਭਾਂਬੜ ਮੱਚਦਾ ਏ ।

ਤੇਰਾ ਅਕਸ਼ ਮੇਰੇ ਨੈਣੋਂ ਮੇਂ ਸਮਾਏ ।
ਹਰ ਪਾਸੇ ਤੂੰ ਹੀ ਤੂੰ ਨਜਰ ਆਏ ।
ਲਛਮਣ ਕੋ ਸਚਖੰਡਿ ਦਾ ਵਿਜ਼ਾ ਲਗਾ ਦੇ ।

## "ਧੰਨ ਦਰਸ਼ਨ"

ਆਇਓ ਰੇ, ਜੋਤੀ ਦਿਵਸ ਆਇਓ ਰੇ ।
ਆਇਓ ਰੇ, ਖੁਸ਼ੀ ਦਾ ਦਿਨ ਆਇਓ ਰੇ ।

ਮਾਹਰਾਜ਼ ਨੇ ਸਾਡੀ ਜਿੰਦਗੀ ਸੁਆਰੀ ।
ਆ ਜਾ ਵੇ ਤੂੰ, ਉਸਦੀ ਤਾਬਿਆਦਾਰੀ ।
ਹੋਰ ਨਾ ਕਰ, ਤੂੰ ਇੰਤਜਾਰ ਰੇ ।

ਮਾਹਰਾਜ਼ ਨੇ ਸਾਨੂੰ, ਪ੍ਰੇਮ ਸਿਖਾਇਆ ।
ਚਾਹਨੇ ਵਾਲਿਆ ਨੇ, ਦਿਲੋਂ ਨਾ ਭੁਲਾਇਆ ।
ਉਹ ਉਨਾਂ ਨੂੰ, ਸਦਾ ਚਾਹਵੇ ਰੇ ।

ਤੂੰ ਯਾਦ ਕਰ, ਉਹ ਹੈ ਤੇਰੇ ਨੇੜੇ ।
ਪੈ ਨਾ ਤੂੰ, ਵਿਚ ਬਿਖੇੜੇ ।
ਉਹ ਤੇਰੇ ਅੰਦਰ ਵੱਸਦਾ ਰੇ ।

ਆਬੇ ਹਯਾਤ ਉਸ ਸਾਨੂੰ ਪਿਲਾਇਆ ।
ਕੱਲਿਆ ਕਲੇਸ਼ ਉਸ ਦੂਰ ਭਗਾਇਆ ।
ਲਛਮਣ ਜਾਵੇ ਦਰਸ਼ਨ ਦੇ, ਵਾਰੇ ਵਾਰੇ ਰੇ ।

## "ਧੰਨ ਦਰਸ਼ਨ"

ਉਹ ਦਿਲਾਂ ਦਿਆ ਜਾਨੀਆ ।
ਨਾ ਕਰ ਵੇ ਤੂੰ, ਆਪਣੀਆ ਮੰਨ ਮਾਨੀਆ ।
ਆ ਜਾ ਵੇ ਆ ਗਈ, ਬਸੰਤ ਬਹਾਰ ।

ਸਰਸੋਂ ਦੇ ਫੁਲ ਕਿਨੇ, ਸੋਹਣੇ ਲੱਗਦੇ ।
ਧੰਨ ਹੈ ਉਹ ਜਿਮੀਂ, ਜਿਥੇ ਬਸੰਤ ਮੇਲੇ ਲਗਦੇ ।
ਮੇਰਾ ਵੀ ਮੁਕਾ ਦੇ ਇੰਤਜਾਰ ।

ਸਖੀਆ ਸੁਹੇਲੀਆ, ਨਵੇਂ ਸੂਟ ਪਾ ਕੇ ਆਈਆ ।
ਨੱਚਦੀਆ ਇੰਜ ਜਾਪਣ ਜਿਵੇਂ,
ਹੂਰਾ ਅਰਸ਼ੋਂ ਆਈਆ ।
ਦਿਲ ਨੂੰ ਚੰਗਾ ਲਗੇ ਨਾ ਗੁਲਜਾਰ ।

ਸੁਹਾਗਣਾ ਤੇ ਫਬੇ ਹਾਰ ਸ਼ਿੰਗਾਰ ।
ਬਾਹਰੋਂ ਮੈਂ ਹਸਦੀ, ਅੰਦਰੋਂ ਰੋਵਾਂ ਜਾਰੋ ਜਾਰ ।
ਵੇ ਮੈਨੂੰ ਛੱਡ ਨਾ ਜਾਈ ਮੱਝਧਾਰ ।

ਸਵੇਰੇ ਸਵੇਰੇ ਸਖੀ ਕਹਿਣ ਲੱਗੀ,
ਨੀ ਤੂੰ ਹੋ ਜਾ ਤਿਆਰ ।
ਸੁਆਰ ਆਪਣੇ ਆਪ ਨੂੰ,
ਤੇਰਾ ਆ ਗਿਆ ਏ ਦਿਲਦਾਰ ।
ਲਛਮਣ ਤੱਕ ਮਾਹੀ, ਮੈਂ ਨੱਚੀ ਪੱਬਾ ਭਾਰ ।

"ਧੰਨ ਦਰਸ਼ਨ"

ਬਟਾਲੇ ਜਨਮ ਲੈ ਕੇ, ਉਹ ਕਰੇ ਲੀਲਾ ਨਿਆਰੀ।
ਜੋ ਆਏ ਦਰ ਤੇ, ਉਨਕੇ ਭਰੇ ਭੰਡਾਰ ਭੰਡਾਰੀ।
ਨੀ ਉਹ ਦਰਸ਼ਨ ਭੰਡਾਰੀ।

ਮਹਿੰਮਾ ਉਸਦੀ ਅਨੰਤ ਬੇਅੰਤ।
ਉਹ ਵੰਡਦਾ ਰਹਿਮਤਾ ਬੇਅੰਤ।
ਉਹ ਜਪਾਵੇ, ਧੰਨ ਨਾਨਕ।

ਉਹ ਕਰਨੇ ਆਇਆ ਲੋਕ ਭਲਾਈ।
ਉਸ ਹਰ ਹਰ ਕੋ, ਪ੍ਰੇਮ ਸਿਖਾਈ।
ਉਹ ਸੱਚ ਦਾ ਹੋਕਾ ਦੇਵੇ।

ਲੋਨੀ 'ਚ' ਉਸ ਡੇਰਾ ਲਾਇਆ।
ਰਹਿਮਤਾ ਦਾ ਉਥੇ ਖਾੜਾ ਲਾਇਆ।
ਉਸ ਜੰਗਲ 'ਚ' ਮੰਗਲ ਲਾਇਆ।

ਧੀਰੇ ਧੀਰੇ ਮਹਿੰਮਾ ਏਨੀ ਵੱਧ ਗਈ।
ਉਸ ਇੰਗਲੈਂਡ ਨੂੰ ਜਾਣ ਦੀ, ਤਿਆਰੀ ਕਰ ਲਈ।
ਉਸਦੀ ਮੁਸਕ੍ਰਾਹਟ ਕਰੇ ਨਿਹਾਲ।

ਇੰਗਲੈਂਡ ਦੇ ਕੋਨੇ ਕੋਨੇ, ਕੀਆ ਪ੍ਰਚਾਰ।
ਆਤਮ ਮੋਹਿ ਪ੍ਰਮਾਤਮ, ਗੁਰੂ ਮਿਲਾਵਣਹਾਰ।
ਹਰ ਸੇਵਕ ਦੀ, ਕਰਦਾ ਪੂਰੀ ਮੁਰਾਦ।

ਦੇਸ਼ ਭਗਤ ਸੀ, ਮੇਰਾ ਗੁਰੂ ਦਰਸ਼ਨ।
ਦੇਸ਼ ਕੋ ਕੀਆ, ਆਪਣਾ ਆਪ ਅਰਪਨ।
ਸ਼ਹਾਦਤ ਸੇ ਹਿੰਦੁਸਤਾਨ ਕੀ, ਅਖੰਡਤਾ ਬਚਾ ਗਿਆ।

ਲਛਮਣ ਉਸਦੇ, ਕੋਟਨ ਕੋਟ ਦੀਵਾਨੇ।
ਆਪਣਾ ਆਪ ਵਾਰਨ ਨੂੰ, ਤਿਆਰ ਪ੍ਰਵਾਨੇ।
ਚਾਚਾ ਜੋਗਾ ਸਿੰਘ ਔਰ ਬਾਬਾ ਸਤਵੰਤ ਜੀ ਨੂੰ,
ਉਹ ਅਮਰ ਕਟ ਗਿਆ।

## ਪੰਨ ਦਰਸ਼ਨ

ਯਾਰਾ ਉਹ ਯਾਰਾ, ਮੇਰੇ ਸੋਹਣਿਆ ਯਾਰਾ।
ਤੂੰਹੀ ਏ ਸਾਡਾ ਓਟ ਤੇ ਸਹਾਰਾ।
ਯਾਰਾ ਉਹ ਯਾਰਾ, ਮੇਰੇ ਯਾਰਾ।

ਤੇਰੇ ਨਾਲ ਮੇਰੀਆ ਨੇ ਬਹਾਰਾ।
ਤੇਰੇ ਨਾਲ ਸੋਹਦੀਆ ਨੇ, ਮਹਿਫਲੇ ਗੁਲਜਾਰਾ।
ਹੋਰ ਕੁਛ ਨਾ ਭਾਵੇ, ਮੇਰੇ ਯਾਰਾ।

ਯਾਰ ਜਿਨਾਂ ਦੇ, ਨੇੜੇ ਰਹਿੰਦੇ।
ਉਹ ਨਾ ਘੁੰਮਣ ਘੇਰੀ 'ਚ' ਪੈਂਦੇ।
ਦਿਲ 'ਚ' ਵੇਖਾਂ, ਤਸਬੀਰੇ ਯਾਰ।

ਯਾਰ ਬਿਨਾ ਕੂੜ ਦੁਨੀਆਦਾਰੀ।
ਯਾਰ ਨਾਲ ਸੱਜਦੀ ਫੁਲਵਾੜੀ।
ਚਾਨਣੀ ਸ਼ਰਮਾਏ ਤੇਥੋਂ ਯਾਰਾ।

ਯਾਰ ਜਿਨਾਂ ਦੇ ਰੰਗ ਰੰਗੀਲੇ।
ਭੰਗੜਾ ਪਾਉਦੇ ਨੇ ਉਹ, ਛੈਲ ਛਬੀਲੇ।
ਲਛਮਣ ਦਾ ਹੋਇਆ ਹੱਜ, ਤੱਕਿਆ ਯਾਰਾ।

## "ਧੰਨ ਦਰਸ਼ਨ"

ਤੂੰ ਸੀ ਪੂਰਾ, ਮੈਂ ਨਹੀਂ ਸੀ ਪੂਰੀ ।
ਤੇਰੀ ਮੇਰੀ ਗੱਲ, ਹੋਈ ਨਾ ਪੂਰੀ ।
ਮੈਂ ਰੋਂਦੀ ਰਹਿ ਗਈ, ਬਾਹਾਂ ਉਤਾਂਹ ਕਰਕੇ ।

ਤੇਰੇ ਨਾਲ ਰਹਿੰਦੀ ਸੀ, ਮੈਂ ਸਦਾ ਖੁਸ਼ ਵੇ ।
ਤੇਰੇ ਪ੍ਰਦੇਸ ਜਾਣ ਤੇ, ਮਨ ਹੋਇਆ ਉਦਾਸ ਵੇ ।
ਮੈਂ ਮੰਨ ਨੂੰ ਸਮਝਾਂਵਾ, ਤੇਰਾ ਨਾਂ ਲੈ ਕੇ ।

ਸਖੀਆ ਪੁਛਣ ਮੈਨੂੰ, ਤੂੰ ਕਿਉ ਰਹਿੰਦੀ ਏ ਚੁੱਪ ।
ਜੁਦਾਈ ਦਾ ਉਨਾਂ ਨੂੰ, ਮੈਂ ਕਿਵੇਂ ਦੱਸਾ ਦੁੱਖ ।
ਤਬੀਬਾ ਮੇਰੀ ਨੱਬਜ, ਵੇਖ ਆ ਕੇ ।

ਤੇਰੇ ਵਗੈਰ ਦਿਲ, ਹੋ ਗਿਆ ਵਾਂਝਾ ।
ਆ ਜਾ ਸੱਜਨਾ, ਕਰੀਏ ਦੁਖ ਸੁੱਖ ਸਾਂਝਾ ।
ਰੁਸ ਗਈ ਤਕਦੀਰ, ਮੈਂ ਬਹਿ ਗਈ ਸਿਰ ਫੱੜ ਕੇ ।

ਕਮਲੀ ਏ ਹੀਰ ਲਛਮਣ, ਤੂੰ ਸੂਝਵਾਨ ਰਾਂਝਾ ਵੇ ।
ਹਬੀਬ ਬਣ ਕੇ ਪੁਛ, ਤੂੰ ਮੇਰਾ ਹਾਲ ਵੇ ।
ਤੇਥੋਂ ਵਗੈਰ ਨਹੀਂ, ਕੋਈ ਰਾਜੀ ਦੁਖ ਸੁਣ ਕੇ ।

## "ਧੰਨ ਦਰਸ਼ਨ"

ਮਾਏ ਨੀ ਮਾਏ ਮੈਂ, ਕਿਹੜਾ ਜੁਲਮ ਕਮਾਇਆ।
ਬਾਲੜੀ ਉਮਰੇ ਸਾਂਈ ਦਾ, ਸਿਰ ਤੋਂ ਉਠ ਗਿਆ ਸਾਇਆ।
ਰੱਬਾ ਤੈਨੂੰ ਤਰਸ ਨਾ ਆਇਆ।

ਮਾਏ ਨੀ ਮਾਏ ਉਹ, ਘੜੀ ਸੀ ਕਲਿਹਣੀ,
ਜਦੋਂ ਅਸੀਂ ਤੈਨੂੰ ਆਖਰੀ ਬਾਰ ਮਿਲਣ ਆਏ।
ਤੈਨੂੰ ਆਖਿਆ ਸੀ ਮਾਹਰਾਜ਼ ਜੀ ਨੇ, ਪ੍ਰਦੇਸੀਆ ਦੇ ਹੁੰਦੇ ਨੇ ਦੇਸ ਪਰਾਏ
ਤੂੰ ਕਿਉ ਨਾ ਮਾਹਰਾਜ਼ ਜੀ ਨੂੰ ਸਮਝਾਇਆ।

ਮਾਏ ਨਾ ਮਾਏ ਇਕ, ਮੇਰੀ ਉਮਰ ਨਿਆਣੀ, ਦੂਜੀ ਵਲੱਲੀ ਏ ਜੁਮੇਵਾ
ਸੁੰਨਾ ਵਿਹੜਾ ਮੈਨੂੰ ਵੱਡ ਵੱਡ ਖਾਏ, ਬੰਦ ਕਰਕੇ ਮੈਂ ਰੋਵਾਂ, ਬੂਹੇ ਬਾਰੀ।
ਖੁੰਝਿਆ ਵੇਲਾ ਕਦੇ, ਹੱਥ ਨਾ ਆਇਆ।

ਮਾਏ ਨੀ ਮਾਏ ਮੇਰੇ ਪੁਤਰ ਬਣੇ ਕਪੁਤਰ, ਮੈਨੂੰ ਛੱਡ ਗਏ ਇਕੱਲੀ।
ਸੱਦਕੇ ਜਾਂਵਾ ਮਾਹਰਾਜ਼ ਜੀ ਦੇ ਪ੍ਰੇਮੀਆ ਤੋਂ,
ਜਿਨਾਂ ਨੇ ਬੱਫਾ ਨੂੰ ਮੰਨਿਆ ਪ੍ਰਮੰਨੀ।
ਉਨਾਂ ਬੱਫਾਦਾਰਾ ਨੇ, ਮਾਹਰਾਜ਼ ਜੀ ਦਾ ਵਾਸਤਾ ਪਾਇਆ।

ਮਾਏ ਨੀ ਮਾਏ ਮਾਹਰਾਜ ਜੀ ਨੇ ਦੱਸਿਆ ਸੀ ਕਈ ਬਾਰ।
ਬੀਬਾ ਤੈਨੂੰ ਮਿਸ਼ਨ ਲਈ ਕਰ ਰਹੇ ਹਾਂ ਤਿਆਰ।
ਲਛਮਣ ਜਾਏ ਬਲਿਹਾਰੇ ਮਾਹਰਾਜ਼ ਜੀ ਤੋਂ,
ਜਿਸ ਮਾਹਰਾਣੀ ਜੀ ਦਾ ਹੌਂਸਲਾ ਵਧਾਇਆ।

"ਧੰਨ ਦਰਸ਼ਨ"

ਮੈਂ ਭੁਲ ਗਈਆ ਵੇ, ਮੈਂ ਭੁਲ ਗਈ ਆਂ।
ਭੁਲਣਹਾਰੀ ਸਾਂ, ਤਾਂ ਭੁਲ ਗਈ ਆਂ।

ਅੰਮ੍ਰਿਤ ਵੇਲੇ, ਉਠਦੇ ਨੇ ਯੋਗੀ।
ਨਾਮ ਪ੍ਰਭੂ ਦਾ, ਲੈਂਦੇ ਨੇ ਯੋਗੀ।
ਮੈਂ ਨਿਮਾਣੀ ਸੁਤੀ ਰਹੀ ਆਂ।

ਪੀਆ ਪੀਆ ਕਰਦੀ, ਮੈਂ ਪੀਆ ਹੋਈ।
ਪੀਆ ਕੇ ਖਵਾਬੋਂ ਮੇਂ, ਮੈਂ ਗਈ ਖੋਈ।
ਆਂਖ ਖੁਲੀ ਪੀਆ, ਨਜ਼ਰ ਨਾ ਆਈ ਆਂ।

ਸਾਜਨ ਕੀ ਯਾਦ ਮੇਂ, ਦਿਨ ਨਾ ਬੀਤੇ।
ਬਿਰਹੋਂ ਕੀ ਜਹਿਰ ਕੇ, ਭਰ ਪਿਆਲੇ ਪੀਤੇ।
ਮੈਂ ਐਵੇ ਪਾਣੀ 'ਚ', ਮਧਾਣੀ ਪਾਈ ਆਂ।

ਜੁਦਾਈਆ ਦਾ ਰੋਗ ਲਛਮਣ, ਕਿਸੇ ਨੂੰ ਨਾ ਲਗੇ।
ਵਸੱਲ ਦੀ ਘੜੀ ਆਵੇ, ਸੱਭ ਦੇ ਅਗੇ।
ਮੋਹੇ ਤੱਲਬ ਦੀਦਾਰ ਦੀ ਆਂ।

## "ਧੰਨ ਦਰਸ਼ਨ"

ਘੂੰਗਟ ਚੋਂ ਤੂੰ ਨਾ, ਵੇਖ ਯਾਰਾ।
ਤੇਥੋਂ ਵਗੈਰ ਸਾਡਾ, ਨਹੀਂਉ ਗੁਜਾਰਾ।
ਅਸੀਂ ਭੁਖੇ, ਤੇਰੇ ਦੀਦਾਰ ਦੇ।

ਸੁਪਨੇ 'ਚ' ਤੱਕ ਮਾਹੀ, ਆਇਆ ਦਿਲ ਕੋ ਚੈਨ।
ਪੱਤਾ ਈ ਨਾ ਲੱਗਾ ਕਦੋਂ ਗੁਜਰ ਗਈ ਰੈਨ।
ਦਿਨ ਚੜਿਆ, ਲੰਘੇ ਨਾ ਝੱਟ ਵੇ।

ਦਿਲ 'ਚ' ਵਸਾਇਆ ਤੈਨੂੰ, ਕੀਆ ਨਾ ਗੁਨਾਹ ਵੇ।
ਕਾਹਦੀ ਹੈ ਰੰਜਸ਼, ਤੂੰ ਕਿਉ ਹੋਇਆ ਦੂਰ ਵੇ।
ਸ਼ਰੀਕ ਮਾਰਦੇ ਨੇ, ਤਾਹਨੇ ਵੇ।

ਜੇ ਤੂੰ ਨਾ ਆਇਆ, ਮੈਂ, ਕਿਦਾ ਈਦ ਮਨਾਉ।
ਹਾਰ ਸ਼ਿੰਗਾਰ ਲਾ ਕੇ, ਕਿਸਨੂੰ ਦਿਖਾਉ।
ਨੈਣ ਚੰਦਰੇ ਨਾ, ਰੋਣੋ ਹੱਟਦੇ ਵੇ।

ਲਛਮਣ ਕਾਸਿਦ ਹੱਥ ਘੱਲਿਆ, ਸੁਨੇਹਾ ਯਾਰ ਨੇ।
ਇੰਤਜਾਰ ਦੀ ਘੜੀ ਦੇ, ਹੁੰਦੇ ਮਿਠੇ ਫੱਲ ਨੇ।
ਚੱੜ ਚੌਬਾਰੇ ਵੇਖਾ, ਆਉਦਾ ਮਾਹੀ ਵੇ।

"ਧੰਨ ਦਰਸ਼ਨ"

ਜਵਾਨੀ ਵੇਲੇ ਮਾਹੀ ਮੈਨੂੰ, ਛੱਡ ਪ੍ਰਦੇਸ ਗਏ।
ਆਇਆ ਬੁੜਾਪਾ ਤੇ, ਸਤਾਉਣ ਆ ਗਏ।
ਇਹ ਕਿਥੋ ਦਾ ਮਾਹੀਆ, ਦਸਤੂਰ ਵੇ।

ਢੱਲਿਆ ਹੋਇਆ ਸੋਨਾ, ਚੱਮਕ ਨਹੀਂ ਛੱਡਦਾ।
ਤੱਨ ਮੇਰਾ, ਦੱਮਕ ਸੇ ਭੱਖਦਾ।
ਜੋਬਨ ਮੇਰਾ, ਹੋ ਗਿਆ ਕਫੂਰ ਵੇ।

ਨਾ ਜਾਣ ਵੇਲੇ ਨਾ, ਆਉਣ ਵੇਲੇ ਦੱਸਿਆ।
ਇਕ ਵਾਰੀ ਵੀ ਤੂੰ, ਦੁਖੜਾ ਨਾ ਦੱਸਿਆ।
ਹੁਣ ਕੱਢਦਾ ਏ, ਮੇਰੇ 'ਚ' ਕਸੂਰ ਵੇ।

ਤੇਰੀਆ ਨਿਸ਼ਾਨੀ ਆ  ਸਾਂਭ ਕੇ ਰੱਖੀਆ।
ਤੱਕ ਤੱਕ ਮੇਰੀਆ, ਥੱਕਣ ਨਾ ਅਖੀਆ।
ਚੰਗਾ ਹੁੰਦਾ ਨਹੀਂ ਜਿਆਦਾ, ਗਰੂਰ ਵੇ।

ਤੁਧ ਬਿਨ, ਮੇਰਾ ਨਾ ਕੋਈ।
ਵਸੱਲ ਤੋ ਇਲਾਵਾ, ਹੋਰ ਤਮੰਨਾ ਨਾ ਕੋਈ।
ਇਕ ਦਿਨ ਮਿਲੇਗਾ ਲਛਮਣ, ਮਾਹੀ ਜਰੂਰ ਵੇ।

"ਧੰਨ ਦਰਸ਼ਨ"

ਢੋਲਾ ਵੇ, ਮੋਹੇ ਤੁਝ ਸੇ ਹੋ ਗਿਆ ਪਿਆਰ ।
ਟੁਟ ਗਏ ਬੰਧਨ, ਮੁਕ ਗਿਆ ਇੰਤਜਾਰ ।
ਘਰ ਆਇਆ ਢੋਲਨ ਮਾਹੀ ।

ਮਿਠੇ ਫਿਕੇ ਮੈਂ, ਪਕਵਾਨ ਬਣਾਏ ।
ਪਿਆਰ ਸੇ ਢੋਲਨ, ਚੱਖਦਾ ਜਾਏ ।
ਮੈਂ ਵੇਖ ਵੇਖ ਮੁਸਕਰਾਵਾਂ ।

ਢੋਲਨ ਬਿਨ ਘਰ, ਸੁੰਨਾ ਸੀ ਲੱਗਦਾ ।
ਆਇਆ ਢੋਲ ਘਰ, ਚਹਿਲ ਮਹਿਲ 'ਚ' ਫੱਬਦਾ ।
ਸਖੀ ਨੀ ਮੋਰੀ, ਅਡੀ ਭੁੰਜੇ ਨਾ ਲੱਗਦੀ ।

ਢੋਲਨ ਕੇ ਆਨੇ ਸੇ, ਘਰ ਹੋਈ ਰੌਣਕ ।
ਸਖੀਆ ਨੱਚਣ, ਢੋਲੀ ਡਗਾ ਲਗਾਏ ਢੋਲਕ ।
ਮੇਰੇ ਹੁਸਨ ਤੇ ਆਇਆ ਨਿਖਾਰ ।

ਢੋਲਨ ਨੇ ਮੋਹੇ, ਪਿਆਰ ਸੇ ਬੁਲੱਾਈਆ ।
ਜੀ ਜੀ ਕਰਦੀ ਮੈਂ, ਥੱਕ ਨਾ ਪੱਈਆ ।
ਲਛਮਣ ਫਿਰ, ਸੁਹਾਗਣ ਹੋਈ ।

## "ਧੰਨ ਦਰਸ਼ਨ"

ਪਹਿਲੀ ਵਾਰੀ ਜਦੋਂ ਤੇਰੀ, ਨਿਗਾਹੋਂ ਨੇ ਤੱਕਿਆ।
ਉਦੋਂ ਤੋਂ ਮੈਂ ਨਾ ਕਿਸੇ, ਹੋਰ ਨੂੰ ਤੱਕਿਆ।

ਦਿਲ 'ਚ' ਵਸਾਇਆ ਤੈਨੂੰ।
ਲੋਕੀ ਘੂਰ ਘੂਰ, ਵੇਖਣ ਮੈਨੂੰ।
ਅਸਾਂ ਹੋ ਗਏ ਤੇਰੇ, ਜਦੋਂ ਦਾ ਤੂੰ ਤੱਕਿਆ।

ਦੁਨੀਆ ਕੀ ਜਾਨੇ, ਪ੍ਰੇਮ ਕੇ ਤੀਰ।
ਇਕ ਪੱਲ 'ਚ' ਹਰ ਲਈ, ਤੂੰ ਮੇਰੀ ਪੀੜ।
ਡੋਰ ਬਿਨ ਗਿਆ ਮੈਂ ਖਿਚਿਆ।

ਦਿਲ ਭਾਈ ਚੀਜ ਕੀ, ਕੀਮਤ ਨਹੀਂ ਵੇਖੀ ਜਾਂਦੀ।
ਜਿਸ ਪੇ ਦਿਲ ਆ ਜਾਏ,
ਉਸਕੀ ਸੂਰਤ ਨਹੀਂ ਵੇਖੀ ਜਾਂਦੀ।
ਮਾਹੀ ਦੀ ਮੁਸਲਾਧਾਰ 'ਚ', ਮੈਂ ਗਿਆ ਭਿਜਿਆ।

ਉਹ ਹੈ ਮੇਰੇ, ਦਿਲ ਕਾ ਮੀਤ।
ਯੁਗੋਂ ਸੇ ਉਨਕੋ, ਵਸਾਇਆ ਚੀਤ।
ਲਛਮਣ ਨੇ ਮਾਹਰਾਜ਼ ਨੂੰ, ਮਾਹਰਾਣੀ 'ਚ' ਤੱਕਿਆ।

## "ਧੰਨ ਦਰਸ਼ਨ"

ਸਾਬਣ ਲਾ ਕੇ ਧੋਤਾ ਕੋਲੇ ਨੂੰ,
ਫਿਰ ਦੁਧ ਦਹੀਂ ਵਿਚ ਪਾਇਆ ।
ਫਿਰ ਇਸਨੂੰ ਰੰਗ ਵਿਚ ਕਾੜਿਆ,
ਪਰ ਏਸ ਰੂਪ ਨਾ ਵਟਾਇਆਂ।

ਇਨੇ ਵਸੀਲੇ ਕਰਨ ਤੇ ਵੀ,
ਇਹ ਕਾਲੇ ਦਾ ਕਾਲ਼ਾ ਹੀ ਕਹਾਇਆ ।
ਜਦੋਂ ਕੀਤਾ ਇਸਨੂੰ ਅਗ ਦੇ ਹਵਾਲੇ ਲਛਮਣ,
ਤਾਂ ਇਸਨੂੰ ਚੜਿਆ ਰੂਪ ਸਵਾਇਆ ।

ਕਿਸੇ ਆਖਿਆ ਚਕੋਰ ਨੂੰ, ਤੇਰੇ ਚੰਨ ਨੇ,
ਗੈਰੋਂ ਕੇ ਘਰ ਲਾ ਲਿਆ ਡੇਰਾ ।
ਤਾਹੀਉ ਤੇ ਉਹ ਹੁਣ, ਨਜਰ ਨਹੀ ਆਉਦਾ,
ਹੁਣ ਉਸ ਨਹੀਂ ਪਾਣਾ ਫੇਰਾ ।

ਪਰ ਤੂੰ ਰਕੀਬਾ ਤੋਂ ਬੱਚ ਕੇ ਰੱਵੀਂ,
ਕਿਤੇ ਤੈਨੂੰ ਪਾ ਨਾ ਲੈਵਣ ਘੇਰਾ ।
ਅਗੋਂ ਹੱਸ ਕੇ ਲਛਮਣ ਚਕੋਰ ਬੋਲੀ,
ਜਿਨਾਂ ਚਿਰ ਮੇਰਾ ਚੰਨ ਦਰਸ਼ਨ, ਮੈਨੂੰ ਦਰਸ਼ਨ ਦਿੰਦਾ,
ਮੈਨੂੰ ਓਨਾਂ ਹੀ ਦਰਸ਼ਨ ਬਥੇਰਾ ।

ਲੱਗੀਆਂ ਨੇ ਮੌਜਾਂ ਹੁਣ, ਲਾਈ ਰੱਖੀ ਸੋਹਣਿਆ ।
ਚੰਗੇ ਆਂ ਕਿ ਮੰਦੇ ਆਂ, ਗਲ ਲਾਈ ਰੱਖੀ ਸੋਹਣਿਆ ।

ਬੇਸ਼ੁਮਾਰ ਪਾਪ ਮੈਂ ਨੇ, ਜ਼ਿੰਦਗੀ 'ਚ' ਕੀਤੇ ।
ਬਖਸ਼ਾਉਣ ਲਈ ਦਰ ਤੇਰੇ, ਸੱਜਦੇ ਨੇ ਕੀਤੇ ।
ਬੁਕਲ ਆਪਣੀ 'ਚ', ਲਕੋਈ ਰੱਖੀ ਸੋਹਣਿਆ ।

ਤੇਰੇ ਵਾਝੋਂ ਮੇਰੀ ਮੁਰਸ਼ਦ, ਕਿਸੇ ਖਬਰ ਨਾ ਲਈ ਏ ।
ਬੜੇ ਚਿਰ ਬਾਦ ਅਬ, ਮੇਰੀ ਸੁਣੀ ਗਈ ਏ ।
ਬਣੀ ਹੋਈ ਬਾਤ ਨੂੰ, ਬਣਾਈ ਰੱਖੀ ਸੋਹਣਿਆ ।

ਨਾਂ ਤੇਰਾ ਲੈਣ ਨਾਲ, ਮੁਸੀਬਤ ਟੱਲ ਜਾਂਦੀ ਏ ।
ਤੇਰੇ ਹੱਥ ਡੋਰ ਮੁਰਸ਼ਦ, ਆਪੇ ਤੂੰ ਚੜਾਈ ਏ ।
ਚੜੀ ਹੋਈ ਗੁੱਡੀ ਨੂੰ, ਚੜਾਈ ਰੱਖੀ ਸੋਹਣਿਆ ।

ਕੀਤੀ ਏ ਦਇਆ ਤੂੰ ਤੇ, ਦਇਆ ਨੂੰ ਬਣਾਈ ਰੱਖਣਾ ।
ਸਹਾਈ ਹੋ ਕੇ ਸੰਗ ਤੂੰ, ਗੋਰੋਂ ਕੋ ਦੂਰ ਰੱਖਣਾ ।
ਬਣਿਆ ਮੈਂ ਦਾਸ ਤੇਰਾ, ਬਣਾਈ ਰੱਖੀ ਸੋਹਣਿਆ ।

ਮਾਹਰਾਣੀ ਦੇ ਸੋਹਣੇ ਦੀ, ਇਥੋਂ ਖੁਸ਼ਬੂ ਆਉਂਦੀ ਏ ।
ਮਾਹਰਾਜ਼ ਜੀ ਆਏ ਹੋਏ ਨੇ, ਤਾਂਹੀਉ ਖੁਸ਼ਬੂ ਆਉਦੀ ਏ ।
ਇਸ ਆਗਮਨ ਦੀ ਖੁਸ਼ਬੂ ਨੂੰ, ਬਣਾਈ ਰੱਖੀ ਸੋਹਣਿਆ ।

ਤੇਰੀ ਰਹਿਮਤ ਨੇ ਮਾਰੀਆ, ਲਛਮਣ ਤੇ ਛੱਲਾ ਨੇ ।
ਵੇਖੋ ਮੇਰੇ ਸੋਹਣੇ ਦੀਆ, ਸੋਹਣੀਆ ਹੀ ਗਲਾ ਨੇ ।
ਇਸ ਰਹਿਮਤ ਦੀਆਂ ਛੱਲਾ ਨੂੰ, ਬਣਾਈ ਰੱਖੀ ਸੋਹਣਿਆ ।

## "ਧੰਨ ਦਰਸ਼ਨ"

ਕੱਚਾ ਰੰਗ ਲਲਾਰੀ ਵਾਲਾ, ਜੋ ਰਹਿੰਦਾ ਚੜਦਾ ਲਹਿੰਦਾ॥
ਪੱਕਾ ਰੰਗ ਏ ਮੁਰਸ਼ਦ ਵਾਲਾ, ਚੜ੍ਹਿਆ ਕਦੇ ਨਾ ਲਹਿੰਦਾ॥
ਜਿਸ ਵੱਲ ਹੋਵੇ ਮੁਰਸ਼ਦ, ਉਹ ਕਦੇ ਨਾ ਢਹਿੰਦਾ॥
ਕਹਿ ਲਛਮਣ ਮੁਰਸ਼ਦ, ਸਦਾ ਚੜ੍ਹਦੀਆ ਕਲਾ 'ਚ' ਰਹਿੰਦਾ॥

ਸੁਣੋ ਸੁਣਾਵਾ ਪੂਰਨ ਭਗਤ ਦਾ, ਖੋਲ ਕੇ ਹਾਲ ਮੈਂ ਸਾਰਾ।
ਜਿਸ ਦੇ ਉਤੇ ਭਾਵੀ ਨੇ ਸੀ, ਪਾਇਆ ਸੰਕਟ ਭਾਰਾ।
ਸਿਆਲਕੋਟ 'ਚ' ਰਹਿੰਦੇ ਸੀ, ਰਾਣੀ ਇਛਰਾ ਤੇ ਰਾਜਾ ਸਲਵਾਨ।
ਹਰ ਵੇਲੇ ਸੀ ਦੂਆ ਕਰਦੇ, ਇਕ ਪੁੱਤਰ ਬਕਸ਼ੇ ਭਗਵਾਨ। (1)

ਪਹੁੰਚੀ ਅਰਜੋਈ ਦਰਗਾਹ 'ਚ,' ਖ਼ੁੱਦ ਸੁਣੀ ਭਗਵਾਨਾ।
ਕੋਖ ਹਰੀ ਹੋ ਗਈ, ਇੱਛਰਾ ਰੱਬ ਦਾ ਕਰੇ ਸ਼ੁਕਰਾਨਾ।
ਜਨਮ ਲੀਉ ਪੂਰਨ, ਇੱਛਰਾ ਮੰਗਲ ਗਾਇਉ।
ਪੁੱਤਰ ਵੇਖ ਸਲਵਾਨ, ਫੁੱਲੇ ਨਾ ਸਮਾਇਉ। (2)

ਜੋਤਸ਼ੀ ਕਹੇ ਰਾਜਨ, ਭੋਰੇ 'ਚ' ਪੂਰਨ ਪਾਇਉ।
ਬਾਰਾਂ ਸਾਲ ਪੂਰਨ ਨੂੰ, ਵੇਖਣ ਨਾ ਜਾਇਉ।
ਬਾਰਾਂ ਸਾਲ ਪੂਰਨ ਨੇ, ਭੋਰੇ 'ਚ' ਤਪ ਕੀਉ।
ਜਤੀ ਕੀ ਪਦਵੀ ਕੋ, ਤਬ ਹਾਸਲ ਕੀਉ। (3)

ਬਾਰਾਂ ਸਾਲ ਬਾਦ ਪੂਰਨ, ਮਤਰੇਈ ਮਾਂ ਕੋ ਮਿਲਣ ਜਾਏ।
ਵੇਖ ਹੁਸਨ ਪੂਰਨ ਦਾ, ਲੂਣਾ ਮੋਹਿਤ ਹੋ ਜਾਏ।
ਪੂਰਨ ਕਹੇ ਮਾਂ ਮੇਰੀਏ, ਇਹ ਪਾਪ ਨਾ ਕਮਾਓ।
ਖ਼ੁੱਦਾ ਕੀ ਦਰਗਾਹ 'ਚੋ, ਮੂੰਹ ਕਾਲਾ ਨਾ ਕਰਾਓ। (4)

ਲੂਣਾ ਨੇ ਉਲਟਾ, ਪੂਰਨ ਤੇ ਇੰਲਜਾਮ ਲਗਾਇਆ।
ਸੁੱਣ ਇੰਲਜਾਮ ਰਾਜੇ ਨੇ, ਹੁਕਮ ਸੁਣਾਇਆ।
ਇਸਨੂੰ ਖੂਹ 'ਚ' ਸੁੱਟ ਦਿਉ, ਕੱਟ ਕੇ ਹੱਥ ਪੈਰ।
ਕੋਈ ਪ੍ਰਾਣੀ ਨਾ ਮੰਗੇ, ਇਸ ਦੁਸ਼ਟ ਕੀ ਖੈਰ। (5)

ਬਾਰਾਂ ਸਾਲ ਪੂਰਨ ਨੇ, ਖੂਹ 'ਚ' ਤਪ ਕੀਉ।
ਸੁਣ ਅਰਜੋਈ ਪ੍ਰਭ ਨੇ, ਗੋਰਖ ਪ੍ਰਗਟ ਕੀਉ।
ਵੇਖ ਗੁਰੂ ਗੋਰਖ, ਪੂਰਨ ਹੋਵੇ ਨਿਹਾਲ।
ਹੱਥ ਪੈਰ ਜੋੜੋ ਪ੍ਰਭੂ ਮੈਂ ਹੋਇਆ ਬੇਹਾਲ। (6)

ਸੁਣ ਬੇਨਤੀ ਗੋਰਖ, ਆਪਣੇ ਗੁਰੂ ਨੂੰ ਧਿਆਵੇ ।
ਪੱਲ ਵਿਚ ਜੋੜੇ ਹਥ ਪੈਰ, ਪੂਰਨ ਸ਼ੁਕਰ ਮਨਾਵੇ ।
ਸੇਵਾ ਕਰੇ ਨਿਸ ਦਿਨ, ਪੂਰਨ ਮਨ ਚਿਤ ਲਾਏ ।
ਵੇਖ ਸੇਵਾ ਪੂਰਨ ਦੀ, ਗੋਰਖ ਲੀਲਾ ਰਚਾਏ । (7)

ਭੇਜਿਆ ਪੂਰਨ ਖੈਰ ਮੰਗਣ, ਰਾਣੀ ਸੁੰਦਰਾ ਪਾਸ ।
ਵੇਖ ਹੁਸਨ ਪੂਰਨ ਦਾ, ਰਾਣੀ ਖੋਹ ਗਈ ਹੋਸ਼ ਹਵਾਸ ।
ਪਾ ਖੈਰ ਫਕੀਰਾ ਨੂੰ, ਜੋਗੀ ਦਰ ਆਇਆ ਏ ।
ਅਸਾਂ ਪਹਿਲਾ ਹੀ ਦਰ ਤੇਰੇ, ਅਲੱਖ ਜਗਾਇਆ ਏ । (੮)

ਪੂਰਨ ਖੈਰ ਲੈ ਕੇ, ਆਇਆ ਗੋਰਖ ਕੋਲ ।
ਪਿੱਛੇ ਪਿੱਛੇ ਸੁੰਦਰਾ ਵੀ, ਆ ਗਈ ਗੋਰਖ ਕੋਲ ।
ਗੋਰਖ ਹੋਏ ਦਿਆਲ, ਸ਼ਰਦਾ ਪੂਰੀਏ ।
ਮੰਗ ਲੈ ਰਾਣੀ ਸੁੰਦਰਾ, ਕੁੱਛ ਨਾ ਝੂਰੀਏ । (9)

ਸੁੰਦਰਾ ਕਹੇ ਗੁਰੂ ਜੀ, ਜੇ ਤੁਸੀਂ ਹੋਏ ਦਿਆਲ ।
ਪੂਰਨ ਮੇਰੀ ਝੋਲੀ ਪਾ ਦਿਉ, ਮੈਂ ਹੋਵਾਂ ਨਿਹਾਲ ।
ਗੋਰਖ ਸੁੰਦਰਾ ਨੂੰ ਪੂਰਨ ਖੁਸ਼ੀ ਖੁਸ਼ੀ ਦੇਵੇ ।
ਪੂਰਨ ਜਾਉ ਸੁੰਦਰਾ ਨਾਲ, ਗੋਰਖ ਸਮਝਾਵੇ । (10)

ਪੂਰਨ ਨਾਲ ਲੈ ਕੇ, ਸੁੰਦਰਾ ਮਹਿਲੀ ਜਾਵੇ ।
ਬਾਰ ਬਾਰ ਸੁੰਦਰਾ, ਰੱਬ ਦਾ ਸ਼ੁਕਰ ਮਨਾਵੇ ।
ਕਰ ਕੇ ਸ਼ੋਲਾ ਸ਼ਿੰਗਾਰ ਸੁੰਦਰਾ, ਪੂਰਨ ਕੋਲ ਬਿਠਾਵੇ ।
ਜੱਤ ਸੱਤ ਡੋਲਣ ਲਗਾ, ਪੂਰਨ ਡਾਢਾ ਘਬਰਾਵੇ । (11)

ਪੂਰਨ ਅੰਤਰ ਧਿਆਨ ਹੋ ਕੇ, ਗੋਰਖ ਨੂੰ ਧਿਆਵੇ ।
ਪਰ ਗੁਰੂ ਕੀ ਲੀਲਾ ਕਾ, ਕੋਈ ਭੇਤ ਨਾ ਪਾਵੇ ।
ਸੇਵਕ ਕੋ ਦੇ ਵਡਿਆਈ, ਗੁਰੂ ਆਪਣਾ ਖੇਲ ਖੇਲੇ ।
ਪੂਰਨ ਕਹੇ ਸੁੰਦਰਾ ਅਸੀਂ ਜਾਣਾ ਜੰਗਲ ਵੇਲੇ । (12)

ਜੰਗਲ ਵੇਲੇ ਨੂੰ ਤੁਰ ਪਿਆ, ਪੂਰਨ ਪਾ ਕੇ ਬਹਾਨਾ ।
ਛੱਤ ਤੇ ਚੜ ਕੇ ਵੇਖੇ ਸੁੰਦਰਾ ਦੀਵਾਨਾ ।
ਜਦੋਂ ਦਿਸਣੋ ਬੰਦ ਹੋ ਗਿਆ, ਪੂਰਨ ਸੁੰਦਰਾ ਨੂੰ ।
ਕੂੰਜ ਵਾਙੂ ਕੁਰਲਾਈ ਸੁੰਦਰਾ ਆਪਣੇ ਕੰਤ ਨੂੰ । (13)

ਮੈਂ ਭੁੱਲੀ ਵੇ, ਤੁਸੀਂ ਨਾ ਭੁੱਲਿਉ ਮੀਆ ।
ਜੋਟੀਆ ਨਾਲ ਨਾ ਕਰਿਉ ਪ੍ਰੀਤ ਮੀਆ ।
ਇਹ ਨਾ ਬਣਦੇ ਕਿਸੇ ਦੇ ਮੀਤ, ਤੇ ਨਾ ਮੁੜਨ ਵਾਪਿਸ ਮੀਆ ।
ਇਹ ਸੱਪਾਂ ਵਾਗੂੰ ਦੁੱਧ ਪੀ ਕੇ, ਨਾ ਕਰਦੇ ਕਿਸੇ ਦਾ ਹਿਤ ਮੀਆ । (14)

ਬੇਹੋਸ਼ ਹੋ ਕੇ ਡਿਗੀ, ਸੁੰਦਰਾ ਮਹਿਲਾ ਤੋਂ ।
ਬਾਰ ਦਿਤੀ ਜਾਨ, ਆਪਣੇ ਕੰਤ ਤੋਂ ।
ਪੂਰਨ ਆਇਆ ਗੋਰਖ ਕੋਲ, ਭੁੱਲ ਬਖਸ਼ਾਉਣ ਨੂੰ ।
ਗੋਰਖ ਆਖੇ ਪੂਰਨ, ਤੂੰ ਲਾਜ਼ ਲਾਈ ਜੋਗ ਨੂੰ । (15)

ਰੋ ਰੋ ਪੂਰਨ ਆਖੇ ਗੁਰੂ ਜੀ, ਮੈਂ ਆਇਆ ਦਰ ਤੇਰੇ ।
ਮਾਫ ਕਰੋ ਮੈਨੂੰ, ਬਖਸ਼ੋ ਗੁਨਾਹ ਮੇਰੇ ।
ਗੋਰਖ ਨੇ ਬੱਖਸ਼ ਦਿਤਾ, ਪੂਰਨ ਦਾ ਪਾਪ ।
ਜਾਉ ਸਿਆਲਕੋਟ ਪੂਰਨ, ਸੁਣੋ ਇੱਛਰਾ ਦਾ ਵਰਲਾਪ । (16)

ਅਲੱਖ ਨਿਰੰਜਨ ਬੁਲਾਈ, ਸੁੱਕਾ ਬਾਗ ਹਰਾ ਹੋ ਗਿਆ ।
ਸੱਭ ਪਾਸੇ ਜੋਗੀ ਦੇ ਨਾਂ ਦਾ, ਚਰਚਾ ਹੋ ਗਿਆ ।
ਗੁਰੂ ਦਾ ਨਾਮ ਧਿਆ ਕੇ, ਪੂਰਨ ਦੁੱਖ ਕੱਟੇ ।
ਸੱਭ ਹੋ ਗਏ ਰਾਜੀ, ਸੱਭ ਦੇ ਗਏ ਦੁੱਖ ਕੱਟੇ । (17)

ਇੱਛਰਾ ਨੂੰ ਦੱਸਿਆ ਗੋਲੀ ਨੇ ਬਾਗ ਵਿਚ ਇਕ ਜੋਗੀ ਆਇਆ ਏ ।
ਮੱਥੇ ਤਿਲਕ ਤੇ ਕੰਨੀ ਮੁੰਦਰਾਂ, ਲੱਗਦਾ ਪੂਰਨ ਭੇਸ ਵਟਾਇਆ ਏ ।
ਇਛਰਾ ਨੂੰ ਨਾਲ ਲੈ ਕੇ, ਜੋਗੀ ਕੋਲ ਆਈ ਗੋਲੀ ।
ਜੋਗੀ ਨਾਲ ਇਛਰਾ, ਇਸ ਤਰਾਂ ਬੋਲੀ । (18)

ਵੇ ਜੋਗੀਆ ਤੂੰ ਕਿਥੋਂ ਆਇਆ, ਤੇ ਕਿਹੜਾ ਤੇਰਾ ਦੇਸ਼।
ਕਿਉ ਤੂੰ ਭੇਸ ਵਟਾਇਆ, ਕਿਉ ਆਇਆ ਇਸ ਦੇਸ਼।
ਪੂਰਨ ਅੱਗੋਂ ਬੋਲਦਾ, ਮੇਰਾ ਨਹੀਂ ਕੋਈ ਦੇਸ਼।
ਅਸੀਂ ਰੱਮਤੇ ਜੋਗੀ, ਅੱਜ ਇਥੇ ਕੱਲ ਪਰਦੇਸ਼। (19)

ਅੱਖਾਂ ਹੁੰਦੀਆ ਪੁੱਤਰ ਪਛਾਣ ਲੈਂਦੀ,
ਇਹ ਤਾਂ ਅਵਾਜ ਮੇਰੇ ਪੂਰਨ ਦੀ ਲੱਗਦੀ ਏ।
ਰੋ ਰੋ ਕੇ ਅੱਛਰਾ ਵੈਣ ਪਾਵੇ, ਸੱਟ ਪੂਰਨ ਦੇ ਹਿਰਦੇ ਤੇ ਵੱਜਦੀ ਏ।
ਪੂਰਨ ਤਿੰਨ ਬਾਰ ਮਾਂ ਮਾਂ ਬੋਲਿਆ, ਗੱਦੀਓਂ ਉਠ ਕੇ ਸੀਸ ਨਿਵਾਇਆ ਏ।
ਮਾਂ ਮੇਰੀਏ ਕਰ ਦੇਈ ਮਾਫ ਮੈਨੂੰ, ਇਹ ਕੁਦਰਤ ਨੇ ਖੇਲ ਰਚਾਇਆ ਏ। (20)

ਹੁਣ ਚਰਚਾ ਜੋਗੀ ਦੀ ਸਲਵਾਨ ਨੇ, ਮਿਲਣ ਦਾ ਇਰਾਦਾ ਬਣਾਇਆ ਏ।
ਲੂਣਾ ਨੂੰ ਨਾਲ ਲੈ ਕੇ, ਰਾਜਾ ਜੋਗੀ ਨੂੰ ਮਿਲਣ ਆਇਆ ਏ।
ਪਿਤਾ ਨੂੰ ਵੇਖ ਪੂਰਨ, ਡਾਢਾ ਘਬਰਾਇਆ ਏ।
ਸੱਚ ਦੱਸਣ ਦਾ ਵੇਲਾ, ਹਾਲੇ ਨਹੀਂ ਆਇਆ ਏ। (21)

ਸਾਰਾ ਹਾਲ ਸੁਣ ਪੂਰਨ, ਰਾਜੇ ਤਾਂਈ ਫੱਰਮਾਇਆ ਏ।
ਰਾਜਨ ਕਿਥੇ ਹੈ ਤੇਰਾ ਪਹਿਲਾ ਪੁੱਤਰ, ਉਸਨੇ ਕੀ ਕਰਮ ਕਮਾਇਆ ਏ।
ਪੂਰਨ ਸੀ ਨਾਂ ਉਸਦਾ, ਰਾਜੇ ਸਲਵਾਨ ਸੁਣਾਇਆ ਏ।
ਮਾਂ ਮਤਰੇਈ ਦੇ ਰਿਸ਼ਤੇ ਨੂੰ, ਉਸਨੇ ਕਲੰਕ ਲਗਾਇਆ ਏ। (22)

ਸੁਣ ਕੇ ਸਾਰਾ ਹਾਲ ਪੂਰਨ. ਸੱਚ ਮੁੱਖ ਤੋਂ ਉਚਾਰਦਾ ਏ।
ਕੱਢ ਕੇ ਮਿਆਨ ਚੋਂ ਤਲਵਾਰ. ਰਾਜਾ ਚੰਡਾਲ ਦਾ ਰੂਪ ਧਾਰਦਾ ਏ।
ਪੂਰਨ ਆਖਦਾ ਪਿਤਾ ਜੀ, ਇਹ ਕੁਕਰਮ ਨਾ ਕਰਿਉ।
ਤੁਹਾਨੂੰ ਕਲੰਕ ਨਾ ਲੱਗ ਜਾਏ, ਇਸ ਕਲੰਕ ਤੋਂ ਡਰਿਉ। (23)

ਸੁਣ ਕੇ ਅਵਾਜ ਰਾਜਾ ਪੂਰਨ ਨੂੰ, ਘੁੱਟ ਕੇ ਜੱਫੀ ਪਾਂਵਦਾ ਏ।
ਮਾਫ ਕਰ ਦੇ ਬਜੁਰਗ ਬਾਪ ਨੂੰ, ਰਾਜਾ ਰੋ ਰੋ ਧਾਹਾਂ ਮਾਰਦਾ ਏ।
ਪਿਤਾ ਨੂੰ ਬੱਖਸ਼ ਕੇ ਪੁੱਤਰ ਦੀ ਦਾਤ, ਪੂਰਨ ਰਾਹੇ ਧਾਇਆ ਏ।
ਪੂਰਨ ਭਗਤ ਦਾ ਕਿੱਸਾ ਮਾਹਰਾਜ਼ ਦਰਸ਼ਨ ਦਾਸ ਜੀ ਨੇ,
ਦਾਸ ਲਛਮਣ ਦਾਸ ਤੋਂ ਲਿਖਵਾਇਆ ਏ। (24)

# ਭਾਗ ਦੂਜਾ

# ਰੁਬਾਇਆ

(1)

"ਧੰਨ ਧੰਨ ਧੰਨ ਗੁਰੂ ਦਰਸ਼ਨ ਜੀਉ"

'ਰੁਬਾਈਆ'

* ਬਣ ਗਏ ਨੇ ਮਾਹਰਾਜ਼ ਦਰਸ਼ਨ ਦਾਸ ਜੀ ਕੇ ਦਾਸ,
ਪਰ ਮਾਹਰਾਜ਼ ਦਰਸ਼ਨ ਦਾਸ ਜੀ ਤੇ ਭਰੋਸਾ ਰੱਖਦੇ ਨਹੀਂ ।
ਗਲ ਕਰਦੇ ਨੇ ਕਿ ਅਸੀਂ ਹਾਂ ਸੱਚੇ ,
ਪਰ ਸੱਚ ਬੋਲਣ ਤੇ ਸੁਣਨ ਦੀ, ਮਰਿਯਾਦਾ ਰੱਖਦੇ ਨਹੀਂ ।
ਉਹ ਜਾਣਦੇ ਨੇ ਕਿ ਅਸੀਂ, ਠੀਕ ਨਹੀਂ ਕਰਦੇ,
ਪਰ ਦੱਸਣ ਤੇ ਮੰਨਣ ਵੱਲ ਧਿਆਨ ਰੱਖਦੇ ਨਹੀਂ ।
ਲਛਮਣ ਜਦੋਂ ਆਖਦਾ ਏ, ਤਾਂ ਉਹ ਕਹਿ ਛੱਡਦੇ ਨੇ,
ਕਿ ਅਸੀਂ ਇਸ ਕੱਮਲੇ ਦੀ ਗਲ ਤੇ, ਯਕੀਨ ਰੱਖਦੇ ਨਹੀਂ ।

* ਤੁਝੇ ਭੁਲਾਨਾ ਚਾਹਾ, ਲੇਕਿਨ ਭੁਲਾ ਨਾ ਪਾਏ ।
ਜਿਤਨਾ ਭੁਲਾਨਾ ਚਾਹਾ, ਤੁਮ ਉਤਨੇ ਯਾਦ ਆਏ ।
ਜਬ ਤੇਰੀ ਯਾਦ ਆਏ, ਮੋਰੀ ਨੀਂਦ ਖੁਸ ਜਾਏ ।
ਲਛਮਣ ਸੇ ਵਾਇਦਾ ਕਰਕੇ, ਤੁਮ ਲੌਟ ਕੇ ਨਾ ਆਏ ।

* ਜਿਨਕਾ ਮਨ ਸਾਫ ਹੋਤਾ ਹੈ, ਵੋਹ ਜਿਆਦਾ ਬੋਲਤੇ ਹੈਂ।
ਕਿਉਕਿ ਉਨਕਾ ਮਨ ਸ਼ੀਸ਼ੇ ਕੀ ਤਰਾਂ ਸਾਫ ਹੋਤਾ ਹੈ।
ਜਿਨਕਾ ਮਨ ਸਾਫ ਨਹੀਂ ਹੋਤਾ, ਵੋਹ ਲੋਗ ਕਮ ਬੋਲਤੇ ਹੈ।
ਕਿਉਂਕਿ ਲਛਮਣ ਵੋਹ ਅੰਦਰ ਸੇ, ਔਰ ਬਾਹਰ ਸੇ ਕੁਛ ਔਰ ਹੋਤੇ ਹੈਂ।

* ਸੁਫਨੇ ਵਿਚ ਮੇਰਾ ਮਾਹੀਂ ਮਿਲਿਆ,
ਮੈਂ ਗਦ ਗਦ ਖੁਸ਼ੀ ਮਨਾਈ।
ਹਰ ਪਾਸੇ ਨੂਰ ਹੀ ਨੂਰ ਦਿਸੇ, ਮੈਂ ਵੇਖ ਵੇਖ ਝੁੰਜਲਾਈ।
ਜਦੋਂ ਪੁਛਿਆ ਹਾਲ ਮਾਹੀ ਨੇ,
ਮੈਂ ਡਰਦੀ ਮਾਰੀ ਕੁਛ ਕਹਿ ਨਾ ਪਾਈ।
ਜਦੋਂ ਮੈਂ ਉਠੀ ਮੱਥਾ ਟੇਕਣ ਨੂੰ,
ਲਛਮਣ ਮਾਹੀ ਨਜਰ ਨਾ ਆਈ।

* ਪੀਰੇ ਦਰਸ਼ਨ ਜੇ ਆਪ ਸੇ, ਦਿਲ ਕੀ ਚਾਹਤ ਨਾ ਹੋਤੀ।
ਤੋ ਆਪ ਪਰ ਮੇਰੀ, ਨਿਗਾਹੇ ਮਸਤ ਨਾ ਹੋਤੀ।
ਇਨ ਮਸਤ ਨਿਗਾਹੋ ਨੇ, ਤੁਝ ਸੇ ਕਿਆ ਹੈ ਪਿਆਰ,
ਲਛਮਣ ਕੌਨ ਸੀ ਕੀਮਤ ਅਦਾ ਕਰੇ,
ਕਿਉਕਿ ਪਿਆਰ ਕੀ ਤੋ ਕੋਈ ਕੀਮਤ ਨਹੀਂ ਹੋਤੀ।

* ਵੋਹ ਕੌਨ ਸੀ ਜਗਾਂ ਹੈ ਜਹਾਂ ਆਪ ਨੇ ਖੁਦਾ ਕੋ ਦੇਖਾ।
ਗੁਰੂ ਦਰਸ਼ਨ ਮੇਂ, ਹਮਨੇ ਖੁਦਾ ਕੋ ਛੁਪਾ ਦੇਖਾ।
ਜਬ ਜਬ ਵੀ ਲਛਮਣ ਨੇ ਝੁਕਾਇਆ ਹੈ ਸਰ,
ਮਾਹਰਾਜ਼ ਦਰਸ਼ਨ ਦਾਸ ਜੀ ਕੇ ਦਰ ਪਰ ਹੀ ਝੁਕਾ ਦੇਖਾ।

(3)

* ਇਥੇ ਦੁਨੀਆ ਝੂਠੀ, ਲੋਕ ਵੀ ਝੂਠੇ,
ਤੇ ਅਸੀਂ ਝੂਠੇ ਦਾਵੇ ਕਰਦੇ।
ਇਸ ਦੁਨੀਆਂ ਸੰਗ ਨਾ ਜਾਣਾ,
ਪਰ ਅਸੀਂ ਇਸ ਪਿਛੇ ਲੜ ਲੜ ਮਰਦੇ।
ਆਬਿ ਹਯਾਤ ਹੈ ਵਿਚ ਤੇਰੇ,
ਪਰ ਤੂੰ ਢੂੰਡੇ ਦਰ ਹਰ ਹਰ ਦੇ।
ਲਛਮਣ ਜਦੋਂ ਮੁਰਸ਼ਦ ਮਿਲਿਆ,
ਤਾਂ ਅਸੀਂ ਸੇਵਕ ਬਣੇ ਉਹਦੇ ਦਰ ਦੇ।

* ਸਾਰਾ ਜੱਗ ਢੂੰਡਿਆ, ਨਹੀਂ ਮਿਲਾ ਤੇਰੇ ਵਰਗਾ।
ਰੱਬ ਤੇ ਹਰ ਥਾਂ ਮਿਲਿਆ,
ਪਰ ਉਹ ਨਹੀਂ ਸੇ ਤੇਰੇ ਵਰਗਾ।
ਤੇਰੇ ਹਮਦਰਦ ਸੁਆਰਥ ਲਈ ਛੋੜ ਗਏ ਤੁਮ ਕੋ,
ਪਰ ਲਛਮਣ ਤੈਨੂੰ ਛੱਡ ਕੇ ਕਿਥੇ ਜਾਵੇ,
ਜਦ ਕੋਈ ਨਹੀਂ ਹੈ ਦਰਸ਼ਨ ਤੇਰੇ ਵਰਗਾ।

* ਉਹ ਵੇਲਾ ਮੁੜ ਨਹੀਂ ਆਉਦਾ, ਜੋ ਹੱਥੋ ਗੁਆਚ ਗਿਆ।
ਉਹ ਜੋਬਨ ਨਹੀਂ ਵਾਪਿਸ ਮੁੜਦਾ,
ਜੋ ਆ ਕੇ ਚਲਾ ਗਿਆ।
ਦਰਿਆਵਾ ਦਾ ਪਾਣੀ, ਨਾ ਆਏ ਮੁੜਕੇ,
ਜੋ ਇਕ ਬਾਰ ਵੈਹ ਗਿਆ।
ਢੱਲਦਾ ਪ੍ਰਛਾਵਾਂ ਤ੍ਰਿੰਝਣ ਦੀਆ ਕੁੜੀਆ ਨਾ ਬੈਠਣ ਰੱਲ ਕੇ,
ਲਛਮਣ ਨੂੰ ਗੁਰੂ ਦਰਸ਼ਨ ਕਹਿ ਗਿਆ।

(4)

* ਐ ਪੜਦਾ ਨਸ਼ੀ ਪੜਦੇ ਸੇ ਨਿਕਲ,
ਤੇਰੇ ਦੀਵਾਨੇ ਸੱਜਦਾ ਕਰਨ ਆਏ ਹੈਂ।
ਤੂੰ ਭਾਵੇਂ ਹਮ ਕੋ ਗੈਰ ਸਮਝੀ,
ਮਗਰ ਹਮ ਤੋਂ ਤੇਰੇ ਚਾਹਨੇ ਵਾਲੇ ਹੈਂ।
ਤੂੰ ਹੈ ਸਮੁੰਦਰ ਕੀ ਤਰਾਂ ਵਿਸ਼ਾਲ,
ਮੈਂ ਮੱਛਲੀ ਤੁਝੇ ਕਿਆ ਸਮਝੂੰ,
ਲਛਮਣ ਤੋ ਹੈ ਨਾਸਮਝ,
ਮਗਰ ਆਪ ਤੋ ਸਮਝਾਨੇ ਮੇਂ ਮਾਹਿਰ ਹੈਂ।

* ਮੇਰਾ ਦਿਲ ਹੈ ਤੇਰੀ ਅਮਾਨਤ ਦਰਸ਼ਨ,
ਇਹ ਭੇਤ ਕਿਸੇ ਤੋਂ ਛੁਪਿਆ ਨਹੀਂ।
ਕਿਹਨੂੰ ਆਪਣਾ ਬਣਾਵਾਂ,
ਇਨਾਂ ਮੇਰੇ ਕੋਲ ਸਰਮਾਇਆ ਨਹੀਂ।
ਮੇਰੇ ਵਰਗੇ ਲੱਖਾ ਨੇ ਤੇਰੇ ਸੇਵਕ,
ਪਰ ਤੇਰੇ ਵਰਗਾ ਕੋਈ ਨਹੀਂ।
ਜਬ ਸੇ ਲਛਮਣ ਆਇਆ ਹੈ ਤੇਰੀ ਸ਼ਰਣ,
ਤਬ ਸੇ ਤੇਰੇ ਸਿਵਾ ਮੇਰਾ ਔਰ ਕੋਈ ਹੈ ਹੀ ਨਹੀਂ।

* ਵੋਹ ਚੜਦੀ ਕਲਾਂ ਮੇ ਥੇ ਔਰ ਸਭ ਕੇ ਹਬੀਬ ਥੇ।
ਅਪਨੇ ਤੋ ਥੇ ਉਨਕੇ ਪਰ ਵੋਹ ਗੈਰੋਂ ਕੇ ਵੀ ਕਰੀਬ ਥੇ।
ਏਕ ਦਿਨ ਲਛਮਣ, ਸਮੇਂ ਨੇ ਪੱਲਟਾ ਮਾਰਾ,
ਜੋ ਉਨਕੇ ਅਜੀਜ ਥੇ, ਵੋਹੀ ਉਨਕੇ ਰਕੀਬ ਥੇ।

(5)

* ਕਿਸੇ ਆਖਿਆ ਚਕੋਰ ਨੂੰ,
ਤੇਰੇ ਚੰਨ ਨੇ ਗੈਰੋਂ ਕੇ ਘਰ ਲਾ ਲਿਆ ਡੇਰਾ।
ਤਾਹੀਉ ਤੇ ਉਹ ਹੁਣ ਨਜਰ ਨਹੀਂ ਆਉਂਦਾ,
ਹੁਣ ਉਸ ਨਹੀਂ ਪਾਣਾ ਫੇਰਾ।
ਪਰ ਤੂੰ ਰਕੀਬਾਂ ਤੋਂ ਬਚ ਕੇ ਰਹੀਂ,
ਕਿਤੇ ਤੈਨੂੰ ਪਾ ਨਾ ਲੈਣ ਘੇਰਾ।
ਅਗੋਂ ਹੱਸ ਕੇ ਲਛਮਣ ਚਕੋਰ ਬੋਲੀ,
ਜਿਨਾਂ ਜਿਰ ਚੰਨ ਦਰਸ਼ਨ, ਮੈਨੂੰ ਦਰਸ਼ਨ ਦਿੰਦਾ,
ਮੈਨੂੰ ਉਨਾਂ ਹੀ ਦਰਸ਼ਨ ਬਥੇਰਾ।

* ਬਾਹਰੋਂ ਤਨ ਮੱਲ ਮੱਲ ਧੋਵੇਂ, ਤੇਰਾ ਅੰਦਰ ਰਿਹਾ ਗੰਦਾ।
ਬੱਦੀਆ ਤੇ ਤੈਂ ਲੱਕ ਬੱਧਾ, ਤੂੰ ਕਿਉ ਨਹੀਂ ਬੱਣਦਾ ਬੰਦਾ।
ਔਰੋ ਕੇ ਮਹਿਲ ਵੇਖ ਕੇ ਚਿੜੇ,
ਤੂੰ ਇਹ ਨਹੀਂ ਕਰਦਾ ਚੰਗਾ।
ਲਛਮਣ ਤੂੰ ਵੀ ਐਸਾ ਕੋਈ ਵਣਜ ਕਰ ਲੈ,
ਫਿਰ ਤੈਨੂੰ ਹੋਣਾ ਪਵੇ ਨਾ ਸ਼ਰਮਿੰਦਾ।

* ਜਦ ਮੇਨਕਾ ਨੇ ਨੈਂਣ ਮਟਕਾਏ,
ਵਿਸ਼ਵਾਮਿਤਰ ਕਾ ਆਸਨ ਡੋਲ ਗਿਆ।
ਕੀ ਕਰਦਾ ਰਿਸ਼ੀ ਵਿਚਾਰਾ,
ਜਦੋਂ ਮੇਨਕਾ ਦੇ ਨੈਂਣਾ ਦਾ ਵਾਰ ਹੋ ਗਿਆ।
ਟੁਟ ਗਈ ਸਮਾਧੀ, ਵੋਹ ਮੇਨਕਾ ਕਾ ਦੀਵਾਨਾ ਹੋ ਗਿਆ।
ਲਛਮਣ ਇਸ਼ਕ ਮੇਂ ਰਿਸ਼ੀ ਵੀ ਨਿਕੰਮਾ ਹੋ ਗਿਆ।

* ਐਸੇ ਹੀ ਮੈਂ ਤੇਰਾ ਦਰਸ਼ਨ, ਦੀਵਾਨਾ ਹੋ ਗਿਆ ।
ਜੈਸੇ ਪ੍ਰਵਾਨਾ ਸ਼ਮਾ ਪੇ ਫਿਦਾ ਹੋ ਗਿਆ ।
ਲਛਮਣ ਜੈਸੇ ਲਖਾ ਨੇ ਤੇਰੇ ਦੀਵਾਨੇ,
ਪਰ ਜਿਸੇ ਤੂੰ ਨੇ ਚਾਹਿਆ, ਵੋਹੀ ਤੇਰਾ ਹੋ ਗਿਆ ।

* ਜਿਸ ਕੋ ਤੂੰ ਨੇ ਭੁਲਾ ਦੀਆ, ਉਸੇ ਕੌਣ ਯਾਦ ਕਰੇ ।
ਜਿਸ ਕੋ ਤੂੰ ਯਾਦ ਹੈ, ਵੋਹ ਔਰੋਂ ਕੋ ਕਿਉ ਯਾਦ ਕਰੇ ।
ਜੋ ਤੁਝ ਸੇ ਦੂਰ ਹੋ ਗਏ, ਤੂੰ ਉਨਕੋ ਯਾਦ ਕਿਉ ਕਰੇ ।
ਜਦ ਤੇਰੇ ਜਿਹਾ ਕੋਈ ਹੈ ਹੀ ਨਹੀਂ,
ਫਿਰ ਔਰੋ ਕੀ ਦਹਿਲੀਜ ਪਰ,
ਲਛਮਣ ਤਸਦੀਕ ਕਿਉ ਕਰੇ ।

* ਤੂੰ ਸ਼ਕਤੀ ਏ ਮਹਰਾਜ਼ ਦੀ, ਤੂੰ ਨਹੀਂ ਇਕਲੀ ।
ਤੂੰ ਉਨਕੋ ਪਹਿਚਾਨ, ਜਿਨਾਂ ਨੇ ਮਚਾਈ ਤਰਥੱਲੀ ।
ਦੇ ਕੇ ਦੁਹਾਈ ਮਾਹਰਾਜ਼ ਦੀ,
ਉਨਾਂ ਸਚਖੰਡ ਨਾਨਕ ਧਾਮ 'ਚ' ਥਾਂ ਮੱਲੀ ।
ਕਹਿ ਲਛਮਣ ਸੁਣ ਮਾਹਰਾਣੀ, ਉਠਾ ਅਸ਼ਤਰ ਸ਼ੱਸ਼ਤਰ,
ਤਰਥੱਲੀ ਮਚਾਉਣ ਵਾਲਿਆ ਦੀ, ਕਰਾ ਦੇ ਤਸੱਲੀ ।

* ਮੁਰਸ਼ਦ ਮੇਰਾ ਸਭ ਕੁਛ, ਮੁਰਸ਼ਦ ਸਖਾ ਤੇ ਮਾਪੇ ।
ਮੁਰਸ਼ਦ ਸਭ ਪਾਸੇ ਦਿਸੇ, ਮੁਰਸ਼ਦ ਹੀ ਰਬ ਆਪੇ ।
ਮੁਰਸ਼ਦ ਬਿਨ ਸੁੰਨੀ ਜਿੰਦੜੀ, ਤੇ ਮੁਕਦੇ ਨਹੀਂ ਛਿਆਪੇ ।
ਮੁਰਸ਼ਦ ਸੰਗ ਲਛਮਣ, ਮੁਕ ਗਏ ਸਭ ਘਾਪੇ ।

* ਗੁਰਮਖ ਨਹੀਂ ਜਾਂਦੇ, ਮਨਮੁਖਾ ਦੀ ਸੰਗਤ 'ਚ',
ਹੰਸ ਨਹੀਂ ਵੈਂਦੇ, ਛਪੜਾ ਦੇ ਕਿਨਾਰੇ ਤੇ ।
ਭੇਡੂ ਸੰਗ ਸ਼ੇਰ ਸ਼ੋਭਾ ਨਹੀਂ ਦਿੰਦੇ,
ਬਾਜ਼ ਨਹੀਂ ਵੈਂਦੇ, ਉਲੂਆ ਸੰਗ ਟਾਹਣੀ ਤੇ ।
ਮੈਨਾ ਤੋਤੇ ਨਹੀਂ ਲਾਂਵਦੇ, ਕਾਂਵਾ ਸੰਗ ਉਡਾਰੀ,
ਮਿਰਗ ਨਹੀਂ ਜਾਂਦੇ, ਕੂਕਰਾਂ ਦੇ ਅਡੇ ਤੇ ।
ਕਹਿ ਲਛਮਣ ਤਜੋ ਸੰਗ ਬੇਬਫਾਓ ਕਾ,
ਜਿਨਾਂ ਲਾਈ ਲਾਜ ਗੁਰੂ ਦੇ ਨਾਮ ਤੇ ।

* ਉਹ ਅਖੀਆ ਵੇਖਣ ਵਾਲੀਆ ਅਖੀਆ ਨਹੀਂ ।
ਜਿਹੜੀਆ ਨਾਲ ਮੁਰਸ਼ਦ ਦੇ ਲੱਗੀਆ ਨਹੀਂ ।
ਲਗ ਜਾਣ ਜਿਹੜੀਆ ਇਕ ਬਾਰੀ,
ਫਿਰ ਉਹ ਕਦੇ ਮੁੜਦੀਆ ਨਹੀਂ ।
ਲਛਮਣ ਜਿਹੜੀਆ ਫੜ ਲੈਦੀਆ ਨੇ ਮੁਰਸ਼ਦ,
ਦਾ ਦਾਮਨ, ਫਿਰ ਉਹ ਮੁੜਦੀਆ ਨਹੀਂ ।

* ਧਰਤੀ ਸੇ ਉੜ ਕਰ ਪਹੁੰਚ ਜਾਤੀ ਹੈ,
ਅਕਾਸ਼ ਪਰ ਧੂਲ ।
ਪ੍ਰਭੂ ਕੀ ਕਿਰਪਾ ਸੇ ਉਗ ਜਾਤੇ ਹੈਂ,
ਪੱਥਰੋਂ ਮੇਂ ਵੀ, ਪੂਜਾ ਕੇ ਫੂਲ ।
ਚੌਰਾਸੀ ਮੇਂ ਆਨੇ ਕੀ, ਨਾ ਕਰੋ ਬਾਰ ਬਾਰ ਭੂਲ ।
ਕਹਿ ਲਛਮਣ ਢੂੰਡ ਲੋ ਗੁਰ ਪੀਰ,
ਜੋ ਕਰ ਦੇ ਸੂਲੀ ਸੇ ਸੂਲ ।

* ਜਿਹੜੇ ਸੀ ਸਾਨੂੰ ਪਿਆਰ ਕਰਦੇ,
ਉਹੀ ਅਜ ਸਾਨੂੰ ਤਾਹਨੇ ਨੇ ਦਿੰਦੇ ।
ਰਕੀਬਾ ਨੂੰ ਕੀ ਕਹੀਏ,
ਸਾਨੂੰ ਤਾਂ ਸਾਡੇ ਹੀ ਧੋਖਾ ਨੇ ਦਿੰਦੇ ।
ਬੱਚ ਕੇ ਰਹਿਣਾ ਇਨਾਂ ਡਮੂਹੀਆਂ ਤੋਂ,
ਜੱੜਾ ਵੱਡ ਕੇ ਉਪਰੋਂ, ਸਤਿਕਾਰ ਨੇ ਦਿੰਦੇ ।
ਲਛਮਣ ਤੂੰ ਇਨਾਂ ਨਾਲ ਨਾ ਲਾਈ ਯਾਰੀ,
ਤੈਨੂੰ ਡੰਗ ਕੇ ਇਨਾਂ ਕਹਿਣਾ
ਸਾਨੂੰ ਐਵੇ ਹੀ ਉਲ਼ਾਮਾ ਦਿੰਦੇ ।

* ਕਿਆ ਖੋਇਆ ਕਿਆ ਪਾਇਆ,
ਦਿਲ ਐਵੇਂ ਲੱਲਚਾਇਆ ।
ਬੰਦੇ ਕਾ ਹੈ ਬੰਦਾ ਦਾਰੂ, ਬਜੁਰਗਾ ਨੇ ਫੁਰਮਾਇਆ ।
ਜਫਾ ਕਾ ਹੈ ਸੁਹਾਨਾ ਮੌਸਮ,
ਪਰ ਅੰਤ ਬੁਰਾ ਹੀ ਪਾਇਆ ।
ਲਛਮਣ ਬਫਾ ਨਾ ਛੋੜੀਏ, ਬਫਾ ਮੇਂ ਹਰਿ ਸਮਾਇਆ ।

* ਤੈਨੂੰ ਭੁਲ ਕੇ ਆਏ ਦੁਖ ਘਨੇਰੇ,
ਪਰ ਤੈਨੂੰ ਵੇਖਿਆ ਦੁਖ ਨਾ ਰਹੇ ਕੋਈ ।
ਜੇ ਦੁਖ ਹੁੰਦਾ ਮਨਸੂਰ ਵੀ ਰੋਂਦਾ, ਜਿਸਨੂੰ ਸੂਲੀ ਸੇਜਾ ਹੋਈ ।
ਬੇਮੁਖ ਹੋਏ ਮੁਰਸ਼ਿਦ ਤੋਂ, ਦਰ ਦਰ ਮਿਲੇ ਨਾ ਢੋਈ ।
ਕਹਿ ਲਛਮਣ ਸੁਖ ਉਸਨੂੰ ਸੁਹਾਵੇ,
ਜਿਸ ਤੇ ਨਦਰ ਮੁਰਸ਼ਿਦ ਦੀ ਹੋਈ ।

* ਉਹਦੀ ਰਹਿਮਤ ਸੇ, ਡੁਬਦੇ ਨੂੰ ਕਨਾਰਾ ਮਿਲ ਜਾਦਾ ।
ਸੱਚੇ ਗਿਆਨ ਦੀ ਲੋਅ ਸੇ,
ਹਉਮੇਂ ਦਾ ਖਿਲਾਰਾ ਰੁੱਕ ਜਾਦਾ ।
ਮੁਰਸ਼ਦ ਦੀ ਮਿਹਰ ਸੇ, ਸਭ ਦੁੱਖਾ ਦਾ ਝੇੜਾ ਮੁਕ ਜਾਦਾ ।
ਲਛਮਣ ਗੁਰੂ ਕਿਰਪਾ ਸੇ, ਜਮਾਂ ਦਾ ਕਾਰਵਾਂ ਰੁਕ ਜਾਦਾ ।

* ਆ ਸਜਨਾ ਰਲ ਮਿਲ ਵਹੀਏ, ਰੁਸਣ ਨੂੰ ਅਗ ਲਾਈਏ ।
ਰੁਸਿਆ ਕੁਝ ਨਾ ਮਿਲੇ, ਮਤ ਮੱਥੇ ਤਿਉੜੀਆ ਪਾਈਏ ।
ਚਾਰ ਦਿਹਾੜੇ ਦੀ ਜਿੰਦਗੀ, ਪਿਆਰ ਵਿਚ ਬਤਾਈਏ ।
ਈਦ ਮੁਬਾਰਕ ਲਛਮਣ, ਚਲ ਰੱਲਕੇ ਖੁਸ਼ੀ ਮਨਾਈਏ ।

* ਮਾਹਰਾਣੀ ਜੀ ਮਾਹਰਾਜ਼ ਜੀ ਦੇ ਬੋਲ, ਹੋ ਰਹੇ ਨੇ ਸੱਚ ।
ਦੁੱਧ ਪਿਲਾ ਕੇ ਤੂੰ, ਬਣਾਏ ਜਹਿਰੀਲੇ ਸੱਪ ।
ਜਬਾਨੋਂ ਉਗਲ ਕੇ ਜਹਿਰ, ਕਰ ਗਏ ਮਾਲ ਹੜੱਪ ।
ਬਿਨ ਬੀਨ ਲਛਮਣ, ਸਪ ਨਾ ਹੋਵਣ ਪਟਾਰੀ 'ਚ ਠੱਪ ।

* ਉਤਮ ਨਸ਼ਾ ਹੈ ਪਿਆਰ ਕਾ, ਬਿਨ ਪੀਤੇ ਚੜ ਜਾਏ ।
ਪਿਆਰ ਕੀ ਖੁਮਾਰੀ ਸੇ, ਰਾਤ ਕੋ ਸੂਰਜ ਨਜਰ ਆਏ ।
ਆਬੇ ਹਯਾਤ ਕਾ ਜਾਮ ਲੇਕਰ ਖੜਾ ਹੈ ਮੁਰਸ਼ਦ,
ਕੋਈ ਭਾਗਾ ਵਾਲਾ ਹੀ ਇਸਨੂੰ ਪੀਂਣ ਆਏ ।
ਲਛਮਣ ਐਸੇ ਰਹਿਬਰ ਦੇ ਬਲੱਬੱਲ ਜਾਈਏ,
ਜੋ ਪਾਪੀਆ ਨੂੰ ਗੱਲ ਲਾਏ ।

* 'ਦ' ਦਾਤੇ ਦਰਸ਼ਨ ਦੇ ਨਾਂ ਤੋਂ ਸ਼ੁਰੂ ਕਰਨਾ,
ਕਿਉਕਿ ਦਰਸ਼ਨ ਦੇ ਨਾਂ 'ਚ' ਬਰਕਤਾ ਭਾਰੀਆ ਨੇ ।
ਉਹਦੇ ਨਾਂ ਵਾਝੋਂ, ਦਿਲਾ ਸੱਚ ਆਖਾਂ,
ਗੱਲਾ ਰਹਿਣ ਅਧੂਰੀਆ ਸਾਰੀਆ ਨੇ ।
ਜਦੋਂ ਬੋਲਾ ਮੈਂ ਉਹਦਾ ਨਾਂ ਲੈ ਕੇ,
ਮੁਸੀਬਤਾਂ ਟੱਲ ਜਾਣ ਜੋ ਲੱਗਣ ਅਧੂਰੀਆ ਨੇ ।
ਕਹਿ ਲਛਮਣ ਦਾਤੇ ਦਰਸ਼ਨ ਬਿਨ,
ਸਭੇ ਦਾਤਾ ਨਿਕਾਰੀਆ ਨੇ ।

* ਦਿਲ ਚੁਰਾ ਕੇ ਨਾ ਚੁਰਾ ਨਿਗਾਹੇ,
ਵਾਸਤਾ ਪਾਏ ਦਾਮ ਤੇਰਾ ।
ਜਿਸਨੇ ਦੇਖਾ ਤੁਝ ਕੋ ਇਕ ਬਾਰ,
ਵੋਹੀ ਹੂਆ ਦੀਵਾਨਾ ਤੇਰਾ ।
ਜਾਮ ਭਰ ਦੇ ਸਾਕੀਆ,
ਅਜਲਾ ਤੋਂ ਹੈ ਰਿਸ਼ਤਾ ਮੇਰਾ ਤੇ ਤੇਰਾ ।
ਲਛਮਣ ਕੋ ਨਾ ਆਏ ਚੈਨ,
ਜਬ ਤੱਕ ਨਾ ਦੇਖੂ ਚੇਹਰਾ ਤੇਰਾ ।

* ਮੇਰੇ ਸੋਹਣਿਆ, ਮਨਮੋਹਣਿਆ, ਮੈਂ ਹਾਂ ਤੇਰੀ ਦੀਵਾਨੀ ।
ਤੇਰੇ ਪਿਆਰ ਦੀ ਪਾਈ, ਅਸਾਂ ਗਲ ਵਿਚ ਗਾਨੀ ।
ਸਾਂਭ ਸਾਂਭ ਕੇ ਰੱਖੀ ਅਸਾਂ, ਤੇਰੀ ਪਿਆਰੀ ਨਿਸ਼ਾਨੀ ।
ਲਛਮਣ ਨੂੰ ਬੱਖਸ਼ਦੇ, ਬੱਫਾ ਦਾ ਤੋਹਫਾ ਦਿਲਜਾਨੀ ।

* ਮਾਇਆ ਕਾਰਨੇ ਬਹੁਤ ਪਖੰਡ ਕੀਤੇ,
ਛਡ ਦਿਤਾ ਦੀਨ ਇਮਾਨ ਭਾਈ ।
ਮਾਇਆ ਕਾਰਨੇ ਠੱਗ ਤੇ ਚੋਰ ਬਣਿਆ,
ਦੱਗੇਬਾਜ਼ੀਆ ਕੰਮ ਸ਼ੈਤਾਨ ਭਾਈ ।
ਮਾਇਆ ਕਾਰਨੇ ਰਾਤ ਨਾ ਦਿਨੇ ਟਿਕਦਾ,
ਦਾਸ ਹੋਇਆ ਜ਼ੁਲਮਾਂ ਦੇ ਵਿਚ ਗੁਲਤਾਨ ਭਾਈ ।
ਮਾਇਆ ਕਾਰਨੇ, ਮਾਹਰਾਜ਼ ਨੂੰ ਭੁੱਲਾ ਦਿਤਾ,
ਲਛਮਣ ਆਪੇ ਬਣ ਗਿਆ ਮਹਾਰਾਜ ਭਾਈ ।

* ਲੋਕੀ ਜਦੋ ਮੈਨੂੰ ਪੁਛਦੇ ਨੇ, ਕੌਣ ਗੁਰੂ ਹੈ ਤੇਰਾ ।
ਦਾਸ ਹੱਸ ਕੇ ਆਖੇ,
ਮਾਹਰਾਜ਼ ਦਰਸ਼ਨ ਦਾਸ ਗੁਰੂ ਹੈ ਮੇਰਾ ।
ਲੱਖਾ ਹੀ ਤਾਰੇ ਉਸ ਨੇ ਤੇ ਉਸਦਾ ਬ੍ਰਮੀਘੰਮ 'ਚ' ਡੇਰਾ ।
ਲਛਮਣ ਉਸਦੇ ਕੀ ਕੀ ਗੁਣ ਦੱਸੇ,
ਜਿਸਨੇ ਢੱਕਿਆ ਹੈ ਪਾਪ ਮੇਰਾ ।

* ਮੇਰੇ ਪਾਸ ਕੁਛ ਨਹੀਂ,
ਪਰ ਮੇਰੇ ਸਾਹਿਬ ਕੋਲ ਹੈ ਸਭ ਪੂੰਜੀ ।
ਜਿਸਨੇ ਮੈਨੂੰ ਗੱਦੀ ਬਖਸ਼ੀ,
ਉਸਦੇ ਹੱਥ ਹੈ ਜੰਨਤ ਦੀ ਕੂੰਜੀ ।
ਗਿਆ ਵਕਤ ਹੱਥ ਨਾ ਆਵੇ,
ਦਿਨ ਜਾਦਾ ਏ ਐਵੇ ਖੂੰਜੀ ।
ਲਛਮਣ ਗੁਰੂ ਦਰਸ਼ਨ ਦੀ, ਅਵਾਜ ਘਰ ਘਰ ਗੂੰਜੀ ।

* ਗੁਨਾਹਾਂ ਨਾਲ ਭਰਿਆ ਮੈਂ ਫਿਰਦਾ,
ਤੇਰੀਆ ਰਹਿਮਤਾ ਲਾਇਆ ਪਾਰ ਦਰਸ਼ਨ ।
ਮੇਰੇ ਸਾਰਿਆ ਪਾਪਾ ਦਾ ਮੂਲ ਹੋਇਆ,
ਬਖਸ਼ੇ ਜਾਣ ਦਾ ਤੇਰਾ ਇਕਰਾਰ ਦਰਸ਼ਨ ।
ਭਾਵੇਂ ਮੇਰੇ ਗੁਨਾਹ ਨੇ ਬਹੁਤ ਭਾਰੀ,
ਤੇਰੀ ਮਿਹਰ ਹੈ ਅਪਰ ਅਪਾਰ ਦਰਸ਼ਨ ।
ਲਛਮਣ ਨੇ ਵੇਖਿਆ ਦਾਸਾ ਦੇ ਗੁਨਾਹ ਮਾਫ ਕਰਦਾ,
ਬਖਸ਼ਣਹਾਰ ਦਰਸ਼ਨ, ਬਖਸ਼ਣਹਾਰ ਦਰਸ਼ਨ ।

* ਮਿਲਦੀ ਇਸ਼ਕ ਦੀ ਦਾਤ, ਭਾਗਾ ਵਾਲਿਆ ਨੂੰ ।
ਸ਼ਮਾ ਤੇ ਸੜ ਕੇ ਮਿਲਦਾ, ਹਕ ਪ੍ਰਵਾਨਿਆ ਨੂੰ ।
ਉਮਰ ਗੁਜਾਰ ਕੇ ਵੇਖੋ,
ਸੋਹਣੇ ਯਾਰ ਦੇ ਸੋਹਣੇ ਨਜਾਰਿਆ ਨੂੰ ।
ਲਛਮਣ ਵਿਰਲੇ ਨੂੰ ਇਹ ਨਸੀਬ ਹੁੰਦੀ,
ਨਹੀਂ ਮਿਲਦੀ ਦਾਤ ਸਾਰਿਆ ਨੂੰ ।

* ਜੋ ਆਪਣੇ ਲਈ ਕੁਛ ਨਹੀਂ ਕਰਤੇ.
ਉਨਕੀ ਮੱਦਤ ਕੋਈ ਵੀ ਨਹੀਂ ਕਰਤਾ ।
ਜਿਸ ਕੌਮ ਨੇ ਆਪਣੀ ਨਹੀਂ ਕੀ ਮੱਦਤ,
ਉਨਕੀ ਮੱਦਤ ਖੁੱਦਾ ਵੀ ਨਹੀਂ ਕਰਤਾ ।
ਜੇ ਕੁਛ ਕਰਨਾ ਚਾਹਤੇ ਹੋ, ਤੋ ਨਸ਼ੇ ਕੋ ਛੋੜ ਦੋ,
ਜਿਸਨੇ ਛੋੜ ਦੀਏ ਨਸ਼ੇ ਲਛਮਣ,
ਉਸੇ ਖੁੱਦਾ ਫਿਰ ਕਭੀ ਗਰੀਬ ਨਹੀਂ ਕਰਤਾ ।

* ਤੇਥੋਂ ਵਗੈਰ ਮੇਰਾ, ਕੋਈ ਨਹੀਂ ਹਮਦਰਦ ਸਾਂਈ ।
ਦਿਲ 'ਚ' ਖੁਸ਼ੀ ਹੋਵੇ, ਜਦੋਂ ਲਵਾਂ ਤੇਰਾ ਨਾਂ ਸਾਂਈ
ਬੇਗਿਣਤ ਰਕੀਬ ਨੇ ਮੇਰੇ, ਪਰ ਤੂੰ ਨਾ ਵਿਸਾਰੀ ਸਾਂਈ ।
ਹਉਮੇਂ ਵਸ ਲਛਮਣ ਕੋ, ਡੋਲਣ ਤੋਂ ਬਚਾ ਲੇ ਸਾਂਈ ।

* ਜਰੇ ਜਰੇ ਮੇਂ ਹੈ ਮਾਹਰਾਜ਼ ਦਰਸ਼ਨ ਦਾਸ,
ਜਲਵਾ ਉਸਕਾ ਕੁਲ ਜਹਾਨ ਅੰਦਰ ।
ਹੈ ਉਹੀ ਇੰਨਸਾਨ ਤੋਂ ਬਾਹਰ ਬੈਠਾ,
ਉਹੀ ਬੈਠਾ ਹੈ ਹਰ ਇੰਨਸਾਨ ਅੰਦਰ ।
ਸੱਚ ਪਰਦੇ ਮੇਂ ਝੂਠ ਨਹੀਂ ਹੋ ਸਕਦਾ,
ਰਹਿੰਦਾ ਨਹੀਂ ਅਗਿਆਨ, ਗਿਆਨ ਅੰਦਰ ।
ਕਹਿ ਲਛਮਣ ਸੱਭ ਕੋ ਸਾਜਿਆ ਉਸਨੇ,
ਕੁਦਰਤ ਉਸਕੀ ਨਾ ਆਏ ਬਿਆਨ ਅੰਦਰ ।

* ਕਰ ਕੇ ਧਿਆਨ ਮੁਰਸ਼ਦ ਦਾ ਦਿਨੇ ਰਾਤੀ,
ਮਨਾਂ ਆਪਣੇ ਆਪ ਦਾ ਬਚਾ ਕਰ ਲੈ ।
ਫਿਕਰ ਹੋ ਜਾਣਗੇ ਦੂਰ ਤੇਰੇ,
ਮੁਰਸ਼ਿਦ ਦੇ ਨਾਲ ਪਿਆਰ ਕਰ ਲੈ ।
ਮੁਰਸ਼ਦ ਸਦਾ ਹੈ ਨਾਲ ਤੇਰੇ,
ਜੋ ਮੰਗਣਾ ਬਿਨਾਂ ਝਿਜਕ ਦੇ ਮੰਗ ਲੈ ।
ਲਛਮਣ ਤੇਰਾ ਕੋਈ ਨਹੀਂ ਇਸ ਜ਼ਹਾਂ ਮੇਂ,
ਜੇ ਬੇੜਾ ਪਾਰ ਲੰਘਾਉਣਾ,
ਤਾਂ ਮੁਰਸ਼ਦ ਨੂੰ ਯਾਦ ਕਰ ਲੈ ।

* ਮੈਂ ਅਭਾਗਣ ਆਈ ਦਰ ਤੇਰੇ, ਹੁਣ ਪਿਛੇ ਮੁੜ ਨਾ ਹੋਏ ।
ਕਰ ਲੈ ਮੈਨੂੰ ਉਹਲੇ ਆਪਣੇਂ, ਮੈਨੂੰ ਵੇਖ ਨਾ ਸਕੇ ਕੋਏ ।
ਸਾਰੀ ਦੁਨੀਆ ਭਾਲ ਛੱਡੀ, ਤੁਧ ਬਿਨ ਮੇਰਾ ਨਾ ਕੋਏ ।
ਲਛਮਣ ਨਾ ਛੱਡ ਕੇ ਜਾਏ ਤੈਨੂੰ, ਜੋ ਹੋਣੀ ਸੋ ਹੋਏ ।

* ਗੁਰੂ ਦਰਸ਼ਨ ਤੇਰੀਆ ਰਹਿਮਤਾ ਦਾ,
ਕਿਸ ਤਰਾਂ ਕੋਈ ਹਿਸਾਬ ਲਾਏ ।
ਉਠਣ ਬੁਲਬੁਲੇ ਜੋ ਪਾਣੀਆ ਤੇ,
ਕਿਵੇਂ ਉਹਨਾਂ ਦਾ ਕੋਈ ਹਿਸਾਬ ਲ਼ਾਏ ।
ਉਹ ਸੋਚ ਜਿਹੜੀ ਬਾਂਵਰੋਲ ਵਾਂਗ ਉਡੇ,
ਕਿਵੇਂ ਉਸਦਾ ਕੋਈ ਹਿਸਾਬ ਲਾਏ ।
ਲਛਮਣ ਬੇਹਿਸਾਬ ਹੈ ਮਿਹਰ ਉਸਦੀ,
ਫਿਰ ਕੌਣ ਉਸਦਾ ਹਿਸਾਬ ਲਾਏ ।

* ਜੇ ਲਿਖਤ ਦੱਸਾ ਮੈਂ ਆਪਣੀ, ਤਾਂ ਉਹ ਕਹਿਣ ਘਮੰਡੀ ।
ਜੇ ਚੁਪ ਕਰਕੇ ਬਹਿ ਜਾਂ, ਤਾਂ ਉਹ ਕਹਿਣ ਪਖੰਡੀ ।
ਜੇ ਉਨਕੋ ਕੁਛ ਸਮਝਾਵਾ ਤਾਂ ਉਹ ਕਹਿਣ ਪੈ ਜਾਉ ਡੰਡੀ ।
ਲਛਮਣ ਇਨੇਂ ਕਿਆ ਕ਼ਹੀਏ ਯੇ ਤੋ ਹਰ ਸਮੇਂ ਕਰਨ ਭੰਡੀ ।

* ਸੱਭ ਤੋਂ ਉਚਾ, ਮੇਰੇ ਸਾਹਿਬ ਦਰਸ਼ਨ ਦਾ ਦਰਬਾਰ ।
ਮੰਗਤੇ ਆਏ ਮੰਗਣ, ਨਿਆਮਤਾ ਸ਼ੁਮਾਰ ।
ਭਰ ਲੋ ਝੋਲੀਆ, ਗੁਰੂ ਦਰਸ਼ਨ ਦਾ ਇਕਰਾਰ ।
ਲਛਮਣ ਕਹਿਤ ਗੁਰੂ ਦਰਸ਼ਨ ਨਾ ਕਰੇ ਇੰਨਕਾਰ ।

* ਮਾਹਰਾਜ਼ ਜੀ ਤੇਰੇ ਦਾਸ ਹੋ ਗਏ ਚਲਾਕ ਅਜਕਲ,
ਹਰ ਪਾਸਿਆ ਵਲ ਧਿਆਨ ਰੱਖਦੇ ।
ਇਕ ਪਾਸੇ ਝੂਠ ਤੁਫਾਨ ਦੀ ਭਰਨ ਹਾਮੀ,
ਦੂਜੇ ਪਾਸੇ ਆਪਣੇ ਕੋਲ ਸੱਚ ਦਾ ਖਿਤਾਬ ਰੱਖਦੇ ।
ਦੂਜਿਆ ਨੂੰ ਸਮਝ ਕੇ ਸ਼ਤਰੰਜ ਦੇ ਮੋਹਰੇ,
ਆਪਣੀ ਚਾਲ ਦਾ ਬੜਾ ਖਿਆਲ ਰੱਖਦੇ ।
ਲਛਮਣ ਦੂਜੇ ਤੇ ਵਾਰ ਕਰਨ ਖਾਤਿਰ,
ਖਿਚਿਆ ਤੀਰ ਸਦਾ ਕਮਾਨ ਰੱਖਦੇ।

* ਛੱਡ ਆਪਣੇ ਵਹਿਮ ਖਿਆਲ ਫੋਕੇ,
ਝੂਠੇ ਫਿਕਰਾਂ ਤੋਂ ਕਦੇ ਡੋਲੀਏ ਨਾ ।
ਕੋਈ ਚੰਗਾ ਹੋਵੇ ਜਾਂ ਮਾੜਾ ਹੋਵੇ,
ਐਵੇਂ ਕਦੇ ਕਿਸੇ ਨੂੰ ਮੰਦਾ ਬੋਲੀਏ ਨਾ ।
ਦੁਖੜਾ ਦੱਸੀਏ ਸਦਾ ਮੁਰਸ਼ਦ ਨੂੰ,
ਹੋਰ ਕਿਸੇ ਕੋਲ ਦੁਖੜਾ ਫੋਲੀਏ ਨਾ ।
ਲਛਮਣ ਇਕੋ ਹੀ ਯਾਰ ਦਰਸ਼ਨ ਕਾਫੀ ਏ,
ਔਰੋਂ ਕੋ ਭੁੱਲ ਕੇ ਢੂੰਡੀਏ ਨਾ ।

* ਬੰਦਿਆ ਤੂੰ ਮੇਰੀ ਮੇਰੀ ਕਰਦਾ,
ਪਰ ਕੁਛ ਨਹੀਂ ਇਥੇ ਤੇਰਾ ।
ਮਹਿਲ ਮੁਨਾਰਿਆ ਦਾ ਵਸੇਰਾ, ਚੰਦ ਦਿਨਾਂ ਦਾ ਤੇਰਾ ।
ਜੋਗੀਆ ਵਾਲਾ ਫੇਰਾ ਲਛਮਣ, ਇਸ ਦੁਨੀਆਂ 'ਚ' ਤੇਰਾ ।
ਬੰਦਿਆ ਨਾਮ ਕਮਾਈ ਕਰ ਲੈ ਫਿਰ ਸਾਰਾ ਜੱਗ ਹੈ ਤੇਰਾ ।

* ਸਾਕੀ ਸੁਰਾਹੀ ਕੋ ਲੇਕਰ ਬੈਠਾ ਹੈ ਆਪਣੇ ਸਿੰਘਾਸਨ ਪਰ,
ਜਰਾ ਸੰਭਲ ਕੇ, ਕਹੀਂ ਜਾਮ ਛੱਲਕ ਨਾ ਜਾਏ ।
ਭਰ ਭਰ ਕੇ ਜਾਮ ਕੋ ਪੀ ਲੋ ਰਿੰਦੋ,
ਫਿਰ ਭੱਰਾ ਲੋ, ਜਬ ਖਾਲੀ ਹੋ ਜਾਏ ।
ਜਬ ਨਸ਼ਾ ਚੱੜ ਜਾਏ ਨਾਮ ਕੀ ਖੁਮਾਰੀ ਕਾ,
ਫਿਰ ਮੈਂ - ਮੈਂ ਤੇ ਤੂੰ - ਤੂੰ, ਖੱਤਮ ਹੋ ਜਾਏ ।
ਕਹਿ ਲਛਮਣ ਜੋ ਲੇਨ੍ਹਾ ਹੈ ਨਾਮ ਖੁਮਾਰੀ ਕਾ ਨਸ਼ਾ,
ਤੋ ਫਿਰ ਮਾਹਹਾਜ਼ ਜੀ ਕੇ ਨਾਮ ਕਾ ਜਾਮ ਹੋ ਜਾਏ ।

* ਉਹ ਅਥਰੂ ਨਹੀਂ ਰੁਕਦੇ ਜਿਨਾਂ ਨੂੰ ਸੱਜਨ ਦੀ ਤਾਂਘ ਹੋਵੇ ।
ਮੁਰਾਦੇ ਹੋ ਪੂਰੀ ਜਿਸਕੀ, ਉਹ ਨਾ ਬੇਆਸ ਹੋਵੇ ।
ਜੋ ਜਾਪ ਕਰੇ ਧੰਨ ਦਰਸ਼ਨ ਦਾ, ਉਹੀ ਪਾਸ ਹੋਵੇ ।
ਉਹ ਨਾ ਡੋਲੇ ਲਛਮਣ,
ਜਿਸ ਮੇਂ ਗੁਰੂ ਦਰਸ਼ਨ ਕਾ ਵਾਸ ਹੋਵੇ ।

* ਜਗਾਂ ਜਗਾਂ ਠੋਕਰਾਂ ਖਾਧੀਆ ਮੈਂ,
ਕਿਤਿਉ ਹੋਈ ਨਾ ਪੂਰੀ ਮੁਰਾਦ ਮੇਰੀ ।
ਹੰਝੂਆ ਤੋਂ ਛੁਟ ਹੋਰ ਕੁਛ ਨਾ ਦੇਣ ਨੂੰ,
ਸੱਭ ਪਾਸਿਉ ਹੋਈ ਏ ਹਾਰ ਮੇਰੀ ।
ਜਿਥੇ ਗਿਆ ਬਰਬਾਦੀਆ ਨਾਲ ਗਈਆ,
ਕਿਸੇ ਨਾ ਫੇਰੀ ਕਿਸਮਤ ਮੇਰੀ ।
ਲਛਮਣ ਦੇ ਸਭ ਹੋ-ਗਏ ਵਿਰੋਧੀ,
ਬਿਨ ਗੁਰੂ ਦਰਸ਼ਨ, ਕਿਸੇ ਨਾ ਸੁਣੀ ਫੁਰਿਆਦ ਮੇਰੀ ।

* ਰੱਬ ਰੱਬ ਤੂੰ ਢੂੰਡਦਾ ਫਿਰੇ, ਪਰ ਰੱਬ ਤੇਥੋਂ ਵੱਖ ਨਹੀਂ ।
ਕਣ ਕਣ 'ਚ ਉਹ ਵੱਸੇ, ਪਰ ਉਸ ਵਾਝੋਂ ਦੂਜਾ ਕੱਖ ਨਹੀਂ ।
ਉਹ ਤਾਂ ਹਰ ਪੱਲ ਹੈ ਨਾਲ ਤੇਰੇ,
ਪਰ ਤੂੰ ਉਸਦੇ ਪੱਖ ਨਹੀਂ ।
ਲਛਮਣ ਰੱਬ ਤੇਰੇ ਅੰਦਰ ਵਸਦਾ,
ਪਰ ਤੇਰੇ ਪਾਸ ਵੇਖਣ ਵਾਲੀ ਅੱਖ ਨਹੀਂ ।

* ਗੁਰੂ ਦਰਸ਼ਨ ਦਾ ਇਹ ਦਰਬਾਰ ਸੱਚਾ,
ਇਥੇ ਬੂਹੇ ਮੁਕੱਦਰਾਂ ਦੇ ਖੁੱਲਦੇ ਨੇ ।
ਅਠੋ ਪਹਿਰ ਰਹਿਮਤਾਂ ਦਾ ਨੂਰ ਵਰਸੇ,
ਚੌਰੰਗੇ ਇਸ ਦਰਬਾਰ ਤੇ ਝੁੱਲਦੇ ਨੇ ।
ਮਾਹਰਾਜ਼ ਦਰਸ਼ਨ ਦਾਸ ਦਾ ਹੁੰਦਾ ਦੀਦਾਰ ਉਸਨੂੰ,
ਜਿਹੜੇ ਆ ਕੇ ਇਸਨੂੰ ਸੱਜਦਾ ਕਰਦੇ ਨੇ ।
ਕਹਿ ਲਛਮਣ ਜਿਨੀ ਮਨੋ ਵਿਸਾਹਿਆ ਇਸ ਦਰ ਨੂੰ,
ਉਹ ਦਰ ਦਰ ਵੇਖੇ ਰੁੱਲਦੇ ਨੇ ।

* ਇਸ਼ਕ ਜਿਨਾਂ ਨੂੰ ਲੱਗ ਜਾਏ, ਉਹ ਨਾ ਰਾਤ ਨੂੰ ਸੌਣ ਲੋਕੋ ।
ਜਿਹੜੇ ਉਸਦੇ ਰੰਗ 'ਚ, ਗਏ ਰੰਗੇ,
ਉਹ ਉਸਦੇ ਪਹਿਰੇਦਾਰ, ਅਖਵਾਉਣ ਲੋਕੋ ।
ਰੱਸਤੇ ਤੇ ਜਾਂਦੇ ਜਾਂਦੇ, ਉਹ ਨਾ ਪਿਛੇ ਮੁੜਕੇ ਵੇਖਣ ਲੋਕੋ ।
ਲਛਮਣ ਸੱਚੇ ਦਿਲੋ, ਜੋ ਕਰਦੇ ਪਿਆਰ,
ਉਹ ਸਦਾ ਗਾਉਦੇ, ਆਪਣੇ ਮੁਰਸ਼ਦ ਦੇ ਗੁਣ ਲੋਕੋ ।

* ਸੱਦਕੇ ਜਾਵਾਂ ਮੈਂ ਮਾਹਰਾਜ਼ ਦਰਸ਼ਨ ਦਾਸ ਜੀ ਤੋਂ,
ਈਹਾਂ ਉਹਾਂ ਸੱਚਾ ਇਸਦਾ ਦਰਬਾਰ ਏ ।
ਪੀਰਾ ਦਾ ਪੀਰ ਵੀ, ਇਹਨੂੰ ਕਹਿਣ ਸਾਰੇ,
ਹੋਰ ਹੋਣਾ ਨਹੀਂ ਕੋਈ, ਇਹਦੇ ਨਾਲ ਦਾ ਏ ।
ਜਿਸਨੂੰ ਹੋ ਜਾਏ ਮਾਹਰਾਜ਼ ਜੀ ਨਾਲ ਪ੍ਰੇਮ,
ਉਹ ਸਦਾ ਇਸਦੇ ਦਰ ਨੂੰ ਭਾਲਦਾ ਏ ।
ਲਛਮਣ ਕਰੇ ਰਹਿਮਤਾ ਜਦੋਂ ਗੁਰੂ ਦਰਸ਼ਨ,
ਬਖਸ਼ ਕੇ ਤਾਜ਼, ਤੱਖਤ ਬਿਠਾਵਦਾ ਏ ।

* ਗਿਆਨ ਨਾ ਧਿਆਨ ਮੈਨੂੰ, ਮੇਰੇ ਸਾਹਿਬ ਕੋਲ ਏ ਪੂੰਜੀ ।
ਜਿਸਨੇ ਮੈਨੂੰ ਰਹਿਮਤ ਬੱਖਸ਼ੀ.
ਉਸਦੇ ਹੱਥ ਹੈ ਜੱਨਤ ਦੀ ਕੂੰਜੀ ।
ਗਿਆ ਵੱਕਤ ਹੱਥ ਨਾ ਆਵੇ ਦਿਨ ਜਾਂਦਾ ਏ ਐਵੇਂ ਖੂੰਜੀ ।
ਜਦੋਂ ਲਛਮਣ ਨੂੰ ਮੁਰਸ਼ਿਦ ਮਿਲਿਆ,
ਉਸਨੇ ਕਰ ਦਿਤੀ ਜਹਿਮਤ ਦੀ ਮੂੰਜੀ ।

* ਗੁਰੂ ਦਰਸ਼ਨ ਤੋਰੀ, ਮਹਿੰਮਾ ਨਿਆਰੀ ਹੈ ।
ਤੋਰੀ ਮੂਰੱਤਿਆ ਮੋਹੇ, ਲਾਗਤ ਪਿਆਰੀ ਹੈ ।
ਜਿਧਰ ਜਿਧਰ ਵੇਖਾ ਉਧਰ ਉਧਰ,
ਤੋਰੀ ਸੂਰੱਤਿਆ ਪਾਈ ਹੈ ।
ਲਛਮਣ ਕੋ ਤੋਰੇ ਦੀਦਾਰ ਕੀ,
ਤਲਬ ਨੇ ਹੱਲਚੱਲ ਮਚਾਈ ਹੈ ।

* ਸਚਖੰਡਿ ਨਾਨਕ ਧਾਮ ਇਕ ਅਦਾਲਤ ਹੈ,
ਇਥੇ ਮਾਹਰਾਜ਼ ਦਰਸ਼ਨ ਦਾਸ ਫੈਸਲੇ ਕਰਦਾ ਏ ।
ਇਥੇ ਹੋਣ ਫੈਸਲੇ ਬੱਫਾ ਦੇ,
ਸਿਫਾਰਸ਼ਾ ਨਾਲ ਨਾ ਕੁਝ ਸੱਰਦਾ ਏ ।
ਮਾਹਰਾਜ਼ ਹੈ ਜਾਣੂ ਰੱਗ ਰੱਗ ਦਾ,
ਭਲਾ ਇਸ ਤੋਂ ਕਾਹਦਾ ਪੱੜਦਾ ਏ ।
ਕਹਿ ਲਛਮਣ ਐਵੇਂ ਭੁਲੇਖੇ 'ਚ' ਨਾ ਰਹਿਉਂ,
ਇਹ ਦੁਧ ਦਾ ਦੁਧ ਤੇ ਪਾਣੀ ਦਾ ਪਾਣੀ,
ਵੱਖ ਕਰ ਧਰਦਾ ਏ ।

* ਜਿਹੜੇ ਹੁੰਦੇ ਨੇ ਇਕ ਦੇ ਆਸ਼ਕ,
ਉਹੀ ਹੁੰਦੇ ਨੇ ਖ਼ੁੰਦਾ ਕੇ ਘਰ ਮੰਨਜ਼ੂਰ ਮੀਆ ।
ਜਿਨਕਾ ਸਿਦਕ ਹੈ ਮੁਰਸ਼ਦ,
ਉਹੀ ਹੋਣ ਮਕਸਦ ਮੇਂ ਕਾਮਯਾਬ ਮੀਆ !
ਦੇਸ਼ ਭਗਤ ਨਹੀਂ ਡਰਦੇ ਮੌਤ ਕੋਲੋਂ,
ਵਾਰ ਦਿੰਦੇ ਨੇ ਦੇਸ਼ ਉਤੋਂ, ਆਪਣੀ ਜਾਨ ਮੀਆ ।
ਲਛਮਣ ਨਦਾਜ ਕਰੇ ਜਦੋਂ ਮੁਰਸ਼ਦ,
ਵਿਸ਼ ਬਣ ਜਾਏ ਆਬੇ ਹਯਾਤ ਮੀਆ।

* ਮਤਲਬ ਦੀ ਹੈ ਸਾਰੀ ਦੁਨੀਆ, ਕੋਈ ਨਾ ਕਿਸੇ ਦਾ ਬੇਲੀ ।
ਸਾਕ ਸਬੰਧੀ ਦੋਸਤ ਮਿਤਰ, ਲੁਟਦੇ ਬਣਕੇ ਬੇਲੀ ।
ਸੁਖ ਵੇਲੇ ਲਾਗੇ ਆਉਂਦੇ, ਦੁਖ ਵੇਲੇ ਨਾ ਬਣਦੇ ਬੇਲੀ ।
ਲਛਮਣ ਤੁਸੀ ਪੀਰ ਬਣਾ ਲੋ, ਜੋ ਰਹੇ ਸੰਗ ਬਣ ਕੇ ਬੇਲੀ ।

* ਕਿੰਦਾ ਕਿਸੇ ਦਾ ਕੰਮ ਵਿਗੜੂ,
ਰਕੀਬ ਦੀ ਰਹਿੰਦੀ ਏ ਉਸ ਤੇ ਅੱਖ ।
ਕੌਣ ਕਰ ਸਕਦਾ ਏ ਉਸਦਾ ਵਾਲ ਵਿੰਗਾ,
ਜਿਸ ਤੇ ਹੁੰਦੀ ਏ ਮੁਰਸ਼ਦ ਦੀ ਅੱਖ ।
ਕੀ ਫਰਕ ਹੈ ਹੀਰੇ ਤੇ ਪੱਥਰ 'ਚ',
ਉਹ ਸਿਰਫ ਜਾਣਦੀ ਏ ਜੌਹਰੀ ਦੀ ਅੱਖ ।
ਲਛਮਣ ਤੇ ਰੱਖੀ ਦਰਸ਼ਨ ਮਿਹਰ ਦੀ ਨਦਰ,
ਭਾਵੇਂ ਬੱਦਲ ਜਾਏ ਸਾਰੀ ਦੁਨੀਆ ਦੀ ਅੱਖ ।

* ਕੀ ਗੰਮ ਸਾਨੂੰ ਖਾਂਦਾ, ਜਾਂ ਅਸੀਂ ਗੰਮ ਨੂੰ ਖਾਂਦੇ,
ਇਸਦਾ ਭੇਤ ਕੋਈ ਨਾ ਪਾ ਸਕਿਆ ।
ਨੈਂਣਾ ਚੋਂ ਨੀਰ ਡਿਗ ਕੇ,
ਫਿਰ ਨੈਂਣਾ 'ਚ' ਵਾਪਿਸ ਨਾ ਜਾ ਸਕਿਆ ।
ਜਿਸ ਪੱਥਰ ਦਾ ਬਣੇ ਭਗਵਾਨ,
ਉਹ ਪੱਥਰ ਫਿਰ ਕਿਸੇ ਕੰਮ ਨਾ ਆ ਸਕਿਆ ।
ਕਹਿ ਲਛਮਣ ਜਿਸ ਨੇ ਕੀ ਬੇਵਫਾਈ ਮੁਰਸ਼ਦ ਸੇ,
ਉਹ ਸਾਡੇ ਤਿੰਨ ਕਰੋੜ ਸਾਲ,
ਨਰਕ ਚੋਂ ਨਾ ਨਿਕਲ ਸਕਿਆ ।

* ਫਰਜ ਅਦਾ ਕਰਕੇ, ਕਰਜ ਉਤਾਰ ਚੱਲੇ ।
ਆਪਣੇ ਸਿਰ ਤੋਂ ਭਾਰ ਉਤਾਰ ਚੱਲੇ ।
ਦੇ ਕੇ ਅਹੁਤੀ ਗੁਰੂ ਦਰਸ਼ਨ ਨੇ, ਆਪਣੇ ਸਿਰ ਦੀ,
ਲਛਮਣ ਫਰਜ ਆਪਣਾ, ਅਦਾ ਕਰ ਚੱਲੇ ।

* ਸੱਜਦਾ ਕਰੋ ਮੁਰਸ਼ਦ ਕੋ, ਵੋਹ ਅਸ਼ੀਰਬਾਦ ਦੇਗਾ।
ਵੋਹ ਸੱਚ ਹੈ, ਯਹੀ ਸੱਚ ਹੈ,
ਸੱਚ ਕਾ ਹੀ ਵੋਹ ਸੰਦੇਸ਼ ਦੇਗਾ।
ਯਦੀ ਵੋਹ ਮੌਜ ਮੇਂ ਆ ਜਾਏ,
ਤੋ ਵੋਹ ਤੁਝੇ ਅਮਰ ਕਰ ਦੇਗਾ।
ਯਕੀਨ ਕਰੋ ਮੁਰਸ਼ਦ ਸੇ ਲਛਮਣ,
ਵੋਹ ਪ੍ਰੀਤਮ ਸੇ ਮਿਲਾ ਦੇਗਾ।

* ਝੱਲੇ ਨਹੀਂ ਜਾਂਦੇ, ਮਾਹ਼ੀ ਦੇ ਵਿਛੋੜੇ, ਉਠ ਮਨਾ ਯਾਰ ਨੂੰ
ਮਨਾਵਣ ਚੱਲੀਏ, ਜਿਹੜਾ ਤੁਰ ਗਿਆ ਸਾਡੇ ਨਾਲ ਲੱੜਕੇ।
ਯਾਰ ਬਿਨਾਂ ਨਾ ਦਿਨੇ ਚੈਨ, ਨਾ ਰਾਤੀ ਨੀਂਦਰ,
ਅਸੀਂ ਜੀਂਦੇ ਮੋਏ ਵਿਛੜ ਕੇ।
ਕਿਹਨੂੰ ਹਾਲ ਸੁਣਾਏ,
ਸਾਡਾ ਯਾਰ ਬਿਨਾ ਨਾ ਕੋਈ ਹਮਦਰਦੀ,
ਯਾਰ ਮਿਲੇ ਈਦ ਮਨਾਈਏ,
ਅਸੀਂ ਹੋਏ ਜੀਂਦੇ ਲਛਮਣ ਮਰਕੇ।

* ਛੋੜ ਨਾ ਜਾਨਾ ਮੰਝਧਾਰ ਮੇਂ, ਤੁਝ ਪੇ ਇਤਬਾਰ ਬਹੁਤ ਹੈ।
ਯੇਹ ਦਿਲ ਤੇਰੀ ਦੀਦ ਕਾ ਚਾਹਵਾਨ ਬਹੁਤ ਹੈ।
ਜਬ ਤੱਕ ਨਾ ਵੇਖੂ ਤੁਝਕੋ, ਤੁਛ ਅਛਾ ਨਹੀਂ ਲਗਤਾ,
ਕਿਆ ਕਰੇ ਪੀਰੇ ਦਰਸ਼ਨ,
ਲਛਮਣ ਕੋ ਤੁਝ ਸੇ ਪਿਆਰ ਬਹੁਤ ਹੈ।

* ਇਸ ਦਿਲ ਸੇ ਦਰਸ਼ਨ, ਤੇਰੀ ਯਾਦ ਭੁਲਾਈ ਨਹੀਂ ਜਾਤੀ।
ਯੇਹ ਹੈ ਮੇਰੀ ਬਫਾ ਕੀ ਦੌਲਤ,
ਜਿਸਕੀ ਬੋਲ਼ੀ ਲਗਾਈ ਨਹੀਂ ਜਾਤੀ।
ਕੁਛ ਲੋਗ ਹਮੇਂ ਕਹਿਤੇ ਹੈਂ, ਕਿ ਆਪਣੇ ਗੁਰੂ ਕੋ ਭੁਲਾ ਦੋ,
ਮਗਰ ਲਛਮਣ ਕੈਸੇ ਸਮਝਾਏ ਉਨਕੋ,
ਕਿ ਦੋ ਖਸਮੋਂ ਸੇ ਪ੍ਰੀਤ ਲਗਾਈ ਨਹੀਂ ਜਾਤੀ।

* ਜਿਸ ਚੀਜ ਦਾ ਤੂੰ ਮਾਣ ਕਰੇਂਦਾ ਇਕ ਦਿਨ ਛੱਡ ਜਾਣਾ।
ਠੱਗੀ ਨਾਲ ਧੰਨ ਦੌਲਤ ਜੋੜੀ,
ਆਖਿਰ ਖਾਲੀ ਹੱਥ ਜਾਣਾ।
ਛੱਡ ਕੇ ਤੁਰ ਗਏ ਸਾਕ ਸਬੰਧੀ, ਕਿਸੇ ਸੰਗ ਨਾ ਜਾਣਾ।
ਲਛਮਣ ਅਸਾਂ ਵੀ ਇਕ ਦਿਨ, ਛੱਡ ਸੰਸਾਰ ਤੁਰ ਜਾਣਾ।

* ਮੇਰੇ ਕਾਮਿਲੇ ਮੁਰਸ਼ਦੇ, ਸਭ ਕੁਛ ਤੇਰੇ ਵੱਸ।
ਕਿਆ ਪੇਸ਼ ਕਰੂੰ ਤੁਝ ਕੋ, ਮੇਰੇ ਕੁਛ ਨਹੀਂ ਹੱਥ।
ਦੋ ਧਾਰੀ ਹੈ ਤਲਵਾਰ ਦੁਨੀਆ,
ਮਿਆਨ ਚੋਂ ਨਿਕਲੇ ਬਿਨ ਦੇ ਕੱਟ।
ਲਛਮਣ ਕੋ ਬਖਸ਼ੀ ਦਰਸ਼ਨ ਆਪਣੀ ਰਹਿਮਤ ਕਾ ਜੱਸ਼।

* ਮਾਏ ਨੀ ਮਾਏ, ਮੈਂ ਅਜ ਹੋਈ ਪਰਾਈ।
ਬਾਬਲ ਕੇ ਆਂਗਨ ਮੇਂ ਖੇਲੀ, ਬਨ ਕਰ ਅਮਾਨਤ ਪਰਾਈ।
ਵੇਖੋ ਰੱਬ ਕੀ ਲੀਲਾ, ਜਿਸ ਇਹ ਬਣਤ ਬਣਾਈ।
ਲਛਮਣ ਨੂੰ ਉਦੋਂ ਸੱਮਝ ਆਈ, ਜਦੋਂ ਧੀ ਹੋਈ ਪਰਾਈ।

* ਕਚਾ ਰੰਗ ਲਲਾਰੀ ਵਾਲਾ, ਜੋ ਰਹਿੰਦਾ ਚੜ੍ਹਦਾ ਲਹਿੰਦਾ।
ਪਕਾ ਰੰਗ ਮੁਰਸ਼ਦ ਵਾਲਾ, ਚੜ੍ਹਿਆ ਕਦੇ ਨਾ ਲਹਿੰਦਾ।
ਜਿਸ ਵਲ ਹੋਵੇ ਮੁਰਸ਼ਦ, ਉਹ ਕਦੇ ਨਾ ਢਹਿੰਦਾ।
ਕਹਿ ਲਛਮਣ ਮੁਰਸ਼ਦ ਵਾਲਾ,
ਸਦਾ ਚੜ੍ਹਦੀਆ ਕਲਾਂ 'ਚ ਰਹਿੰਦਾ।

* ਦੂਨੀਆ ਖੇਤੀ ਖਸਮਾਂ ਸੇਤੀ, ਪੀਰ ਫਕੀਰ ਫੁਰਮਾਂਦੇ।
ਜੈਸਾ ਇਸ ਮੇਂ ਬੀਜੀਉ, ਉਹ ਵੈਸਾ ਹੀ ਫਲ ਖਾਂਦੇ।
ਜੋ ਬੀਜਦੇ ਇਸ ਮੇਂ ਬਫਾ ਕੇ ਬੀਜ, -
ਉਹ ਪ੍ਰੇਮ ਦੇ ਪਾਣੀ ਨਾਲ ਸਿਚੰਦੇ।
ਥੋੜ ਨਾ ਆਏ ਉਨਕੋ ਲਛਮਣ,
ਉਨਕੇ ਭੰਡਾਰ ਭਰੇ ਸਦਾ ਰਹਿੰਦੇ।

* ਪਹਿਲਾ ਦਰਸ਼ਨ - ਗੁਰੂ ਦਰਸ਼ਨ ਕਾ,
ਮਾਤਾ ਪਿਤਾ ਨੇ ਪਾਇਆ।
ਦੂਜਾ ਦਰਸ਼ਨ - ਗੁਰੂ ਦਰਸ਼ਨ ਕਾ,
ਧਰਤੀ ਅੰਬਰ ਛਾਇਆ।
ਤੀਜਾ ਦਰਸ਼ਨ - ਗੁਰੂ ਦਰਸ਼ਨ ਕਾ,
ਕਿਆਨਾਤ ਸੀਸ ਨਿਭਾਇਆ।
ਚੌਥਾ ਦਰਸ਼ਨ - ਗੁਰੂ ਦਰਸ਼ਨ ਕਾ,
ਜਬ ਕੀਆ ਮਾਹਰਾਣੀ ਨੇ ਲਛਮਣ,
ਦੋ ਕਲਬੂਤ੍ ਇਕ ਜੋਤ,
ਮਾਹਰਾਣੀ ਪਾਲੀ ਦਰਸ਼ਨ ਦਾਸ ਕਹਾਇਆ।

* ਨੀ ਜਿੰਦੇ ਤੂੰ ਕਿਉ ਯਾਰ ਵਲੋਂ, ਮੁਖ ਮੋੜਿਆ ।
ਕਿਉ ਤੂੰ ਆਪਣਾ ਖਸਮ ਛੱਡ ਕੇ, ਦੂਸਰਾ ਖਸਮ ਲੋੜਿਆ ।
ਕਰ ਲੈ ਕੋਈ ਹੀਲਾ ਵਸੀਲਾ,
ਤੇਰਾ ਵਣਜ ਜਾਂਦਾ ਹੈ ਰੋੜਿਆ ।
ਲਛਮਣ ਮਾਫੀ ਮੰਗ ਲੈ ਮੁਰਸ਼ਦ ਤੋਂ,
ਤੇਰਾ ਬਖਸ਼ ਦੇਉ ਵਚਨ ਤੋੜਿਆ ।

* ਮੇਰੇ ਮੁਰਸਦ ਦਰਸ਼ਨ ਦਾ ਡੇਰਾ,
ਸਭ ਤੋਂ ਉਚਾ ਹੈਂ ਦੋ ਜਹਾਨੋਂ ।
ਤੇਰੀ ਦੀਦ ਤੋਂ ਰਿਹਾਂ ਬਾਂਝਾ ਸਜਨਾ,
ਨਾ ਖੁਸ਼ੀ ਮਿਲੀ ਧਰਤ ਅਸਮਾਨੋਂ ।
ਕੀ ਕਰਾਂ ਸਿਫਤ ਮੁਰਸ਼ਿਦ ਦੀ,
ਜਿਹੜੀ ਹੈ ਬਾਹਰ ਹੱਦ ਬਿਆਨੋਂ ।
ਖਰਿਆ ਦੇ ਲੜ ਲੱਗਾ, ਲਛਮਣ, ਖੋਟਾ ਆਪ ਜਹਾਨੋਂ ।

* ਜੋ ਆਪਣੇ ਹਿਰਦੇ ਕੇ ਆਂਗਨ ਮੇਂ,
ਮੁਰਸ਼ਿਦ ਕੀ ਬਫਾ ਕੇ ਬੀਜ ਬੋਏ ਹੈਂ ।
ਵੋਹੀ ਆਪਣੇ ਮੁਰਸ਼ਿਦ ਕੇ, ਪਿਆਰੇ ਹੋਤੇ ਹੈਂ ।
ਫਿਰ ਜਬ ਵੀ ਉਸੇ ਯਾਦ ਕਰੇ,
ਤੋ ਵੋਹ ਝੱਟਪੱਟ ਹਾਜਰ ਹੋਤੇ ਹੈਂ ।
ਕਹਿ ਲਛਮਣ ਯਹੀ ਹੈ ਮੁਰਸ਼ਿਦ ਕੀ ਖਫਾ ਕੀ ਹਕੀਕਤ,
ਕਿਉਕਿ ਬਫਾ ਵਾਲੇ ਹੀ ਅਮਰ ਹੋਤੇ ਹੈਂ ।

* ਹਰ ਘਰ ਮੇਂ ਦੀਆ ਜਲੇ,
ਯੇਹ ਤੇਰੇ ਦਾਸ ਕੀ ਤਮੰਨਾ ਹੈ ।
ਤੇਰੇ ਦਰ ਸੇ ਕੋਈ ਨਾ ਖਾਲੀ ਜਾਏ,
ਯੇਹ ਤੇਰੇ ਦਾਸ ਕੀ ਤਮੰਨਾ ਹੈ ।
ਹਰ ਹਰ ਕੀ ਝੋਲੀ ਰਹਿਮਤ ਸੇ ਭਰ ਦੋ,
ਯੇਹ ਤੇਰੇ ਦਾਸ ਕੀ ਤਮੰਨਾ ਹੈ ।
ਯੁਗੋ ਯੁਗ ਗੁਰੂ ਦਰਸ਼ਨ ਤੇਰਾ ਨਾਂ ਰਹੇ ਰੌਸ਼ਨ,
ਯੇਹ ਤੇਰੇ ਦਾਸ ਲਛਮਣ ਦਾਸ ਕੀ ਤਮੰਨਾ ਹੈ ।

* ਤੇਰੀ ਜੁਦਾਈ ਕਾ ਗੰਮ ਹਮ ਨੇ, ਦਿਲ ਮੇਂ ਛੁਪਾ ਰੱਖਾ ਹੈ ।
ਤੇਰੀ ਯਾਦ ਮੇਂ ਹਮ ਨੇ, ਕਲਮ ਸੇ ਕੁਛ ਲਿਖ ਰੱਖਾ ਹੈ ।
ਤੇਰੀ ਯਾਦ ਕਾ ਵਿਛੋੜਾ ਹਮ ਨੇ,
ਨੈਣੋਂ ਕੇ ਨੀਰ ਸੇ ਭਗੋ ਰੱਖਾ ਹੈ ।
ਤੇਰੇ ਹੋਠੋਂ ਸੇ ਵਰਸਤੀ ਹੈ, ਪ੍ਰੇਮ ਕੀ ਰਹਿਮਤ,
ਇਸ ਲਿਏ ਲਛਮਣ ਨੇ ਸਿਰ ਝੁਕਾ ਰੱਖਾ ਹੈ ।

* ਰਾਜ਼ ਮੁਹੱਬਤ ਕਾ ਸਭ ਕੋ ਬਤਾਇਆ ਨਹੀਂ ਜਾਤਾ ।
ਯੇਹ ਸਰ ਹੈ ਅਮਾਨਤ ਮੁਰਸ਼ਿਦ ਕੀ,
ਹਰ ਦਰ ਪੇ ਝੁਕਾਇਆ ਨਹੀਂ ਜਾਤਾ ।
ਜਿਸ ਨੇ ਲੜ ਫੜਿਆ ਮੁਰਸ਼ਿਦ ਕਾ,
ਉਹ ਸਦਾ ਹੀ ਫਤਹਿ ਪਾ ਜਾਤਾ ।
ਲਛਮਣ ਜਿਸ ਨੇ ਨਿਭਾਈ ਬਫਾ ਮੁਰਸ਼ਿਦ ਸੇ,
ਵੋਹੀ ਉਸ ਮੇਂ ਹੈ ਸਮਾ ਜਾਤਾ ।

* ਨਾ ਤੋ ਕੋਈ ਮੇਰਾ ਕਮਾਲ ਹੈ,
ਨਾ ਘਮੰਡ ਹੈ ਇਸ ਮੇਂ ਗਰੂਰ ਕਾ ।
ਮੋਹਿ ਰੱਖਤੇ ਹੈਂ ਵੋਹ ਨਿਗਾਹੋਂ ਮੇਂ,
ਯੇਹ ਕਰਮ ਹੈ ਮੇਰੇ ਹਜ਼ੂਰ ਕਾ ।
ਮੋਹਿ ਤੋ ਕੋਈ ਅਕਲ ਨਹੀਂ,
ਮੈਂ ਤੋ ਕੂਕਰ ਹੂੰ ਤੇਰਾ ਯੁਗੋ ਕਾ ।
ਲਛਮਣ ਕੋ ਬਖਸ਼ੀ ਹੈ, ਹਜ਼ੂਰ ਨੇ ਕਲਮ ਕੀ ਰਹਿਮਤ,
ਫਿਰ ਮੈਂ ਕਿਉ ਨਾ ਕਰੂੰ ਚਰਚਾ, ਮੁਰਸ਼ਿਦ ਕੀ ਬਫਾ ਕਾ ।

* ਰੂਹ ਨਿਕਲੀ ਕਲਬੂਤ ਚੋਂ, ਲੱਭੀ ਮੁਰਸ਼ਦ ਤੂੰ ।
ਮੁਰਸ਼ਿਦ ਨੂੰ ਜਦ ਰੂਹ ਨੇ ਤਕਿਆ, ਆਖੇ ਦਰਸ਼ਨ ਤੂੰ ।
ਅਗੋਂ ਹਸ ਕੇ ਦਰਸ਼ਨ ਜਵਾਬ ਦਿਤਾ,
ਅਜਲਾ ਤੋਂ ਹਾਂ ਮੈਂ ਤੇ ਤੂੰ ।
ਕਹਿ ਲਛਮਣ ਕਮਲਾ, ਮੈਂ ਕੁਛ ਨਾਂਹੀ,
ਗੁਰੂ ਦਰਸ਼ਨ, ਸਭ ਕੁਛ ਤੂੰਹੀ ਤੂੰ ।

* ਤੇਥੋਂ ਵਗੈਰ ਮੇਰਾ ਕੋਈ ਨਹੀਂ, ਹਮਦਰਦ ਸਾਂਈ ।
ਦਿਲ 'ਚ' ਖੁਸ਼ੀ ਦੀ ਲਹਿਰ ਆ ਜਾਏ,
ਜਦੋਂ ਲਵਾਂ ਮੈਂ ਤੇਰਾ ਨਾਂ ਸਾਂਈ ।
ਰਕੀਬਾਂ ਦੀ ਗਿਣਤੀ ਹੋਈ ਭਾਰੀ,
ਤੇ ਤੂੰ ਨਾ ਮੈਨੂੰ ਵਿਸਾਰੀ ਸਾਂਈ ।
ਲਛਮਣ ਤੇ ਮਿਹਰ ਦਾ ਹੱਥ ਰੱਖੀ,
ਡੋਲਣ ਤੋਂ ਸਦਾ ਬਚਾਈ ਸਾਂਈ ।

* ਇਸ ਦੁਨੀਆਂ ਵਿਚ ਹੱਸ ਕੇ, ਮੌਜਾਂ ਮਾਣ ਲਈਏ ।
ਕਿਸੇ ਦੇ ਦਿਲ ਦੀ ਜਾਣ ਲਈਏ,
ਤੇ ਕਿਸੇ ਨੂੰ ਦਿਲ ਦੀ ਕਹਿ ਲਈਏ ।
ਰੇਤ ਦੀਆਂ ਕੰਧਾ ਤੇ, ਕਦੇ ਵੀ ਮਹਿਲ ਨਾ ਉਸਾਰੀਏ ।
ਕਹਿ ਲਛਮਣ ਇਹ ਯੱਗ ਹੈ ਚਾਰ ਦਿਨਾਂ ਦਾ ਮੇਲਾ,
ਪਿਆਰ 'ਚ' ਹੱਸ ਕੇ ਗੁਜਾਰ ਲਈਏ ।

* ਤੈਨੂੰ ਫਿਠਿਆ ਸਬਰ ਨਾ ਆਵੇ,
ਤੁਧ ਬਿਨ ਮੈਂ ਕੂੰਜ ਵਾਂਗੂ ਕੁਰਲਾਵਾਂ ।
ਤੇਥੋਂ ਵਗੈਰ ਮੇਰੀ ਕੋਈ ਨਹੀਂ ਸੁਣਦਾ,
ਫਿਰ ਮੈਂ ਦਰਦ ਕਿਹਨੂੰ ਸੁਣਾਵਾਂ ;
ਦਾਗ ਬਿਰਹੋਂ ਦਾ ਨਹੀਂ ਧੁਲਦਾ, ਭਾਵੇਂ ਸੌ ਸੌ ਵਾਰਿ ਧੋਵਾਂ ।
ਐ ਮੇਰੇ ਗੁਰੂ ਦਰਸ਼ਨ, ਮਿਹਰ ਦੀ ਨਦਰ ਕਰਦੇ,
ਲਛਮਣ ਦਾ ਮੁੱਕ ਜਾਏ, ਆਣਾ ਜਾਣਾ ।

* ਪੁਤ ਕਪੁਤ ਭਾਵੇਂ ਬਣ ਜਾਂਵਣ,
ਪਰ ਮਾਪੇ ਕੁਮਾਪੇ ਨਾ ਬਣਦੇ ਭਾਈ ।
ਬੇਸ਼ਰਮ ਹੋ ਕੇ ਉਹ ਨੇ ਮਸਤ ਫਿਰਦੇ,
ਉਹਨਾਂ ਨੂੰ ਨਾ ਆਏ ਲਾਜ਼ ਭਾਈ ।
ਸੱਪਾਂ ਦੇ ਪੁਤ ਨਹੀਂ ਮੀਤ ਬੱਣਦੇ,
ਭਾਵੇਂ ਕਟੋਰਿਆਂ 'ਚ' ਦੁਧ ਪਿਲਾਈਏ ਭਾਈ ।
ਕਹਿ ਲਛਮਣ ਬੱਫਾਦਾਰ ਤੋਂ ਬੱਫਾ ਦਾ ਚੱਜ ਸਿਖ ਲੈ,
ਤੂੰ ਵੀ ਚੰਮਕ ਜਾਏਗਾ ਵਾਂਗ ਸਿਤਾਰਿਆਂ ਭਾਈ ।

* ਸਾਬਣ ਨਾਲ ਧੋਤਾ ਕੋਲੇ ਨੂੰ,
ਫਿਰ ਦੁੱਧ ਦਹੀਂ ਵਿਚ ਪਾਇਆ ।
ਫਿਰ ਇਸਨੂੰ ਰੰਗ ਵਿਚ ਕਾੜ੍ਹਿਆ,
ਪਰ ਏਸ ਰੂਪ ਨਾ ਵਟਾਇਆ ।
ਇਨੇਂ ਵਸੀਲੇ ਕਰਨ ਤੇ ਵੀ,
ਇਹ ਕਾਲੇ ਦਾ ਕਾਲਾ ਹੀ ਕਹਾਇਆ ।
ਪਰ ਜਦੋਂ ਕੀਤਾ ਇਸਨੂੰ ਅਗ ਦੇ ਹਵਾਲੇ ਲਛਮਣ,
ਤਾਂ ਇਸਨੂੰ ਚੜ੍ਹਿਆ ਰੂਪ ਸਵਾਇਆ ।

* ਸਾਰੇ ਸੌਂ ਜਾਂਦੇ ਨੇ, ਮੈਂ ਇਕੱਲੀ ਰਵਾਂ ਜਾਗਦੀ ।
ਕਦੇ ਹੱਸ ਲਾ ਕਦੇ ਰੋ ਲਾ,
ਯਾਦ ਪੀਆ ਦੀ ਪਲ ਪਲ ਸਤਾਵਦੀ ।
ਸਜਨ ਕੋ ਮਿਲਨ ਦੀ ਤਾਂਘ 'ਚ.'
ਦਿਲ ਨੂੰ ਪਈ ਰਿਝਾਂਵਦੀ ।
ਸੁਪਨੇ 'ਚ' ਤਕ ਮਾਹੀ ਲਛਮਣ,
ਮੂੰਹ 'ਚ' ਚੁਨੀ ਦੀ ਕਿਨਾਰੀ ਲੈ ਮੁਸਕਰਾਵਦੀ ।

* ਤੇਰੀ ਨਦਰ ਨੇ ਮੇਰੇ ਮੈਂ ਦੇ ਸ਼ੌਕ ਨੂੰ ਦਿਤਾ ਦੂਰ ਭੱਜਾਈ ।
ਮੈਂ ਕੌਣ ਵਿਚ ਐਵੇਂ ਉਮਰ ਗਵਾਈ,
ਫਿਰ ਵੀ ਅਕਲ ਨਾ ਆਈ ।
ਕੌਣ ਕਹੇ ਮੈਂ ਕੌਣ ਹਾਂ, ਕੌਣ ਕੌਣ ਦੀ ਸੰਮਝ ਨਾ ਆਈ ।
ਕਹਿ ਲਛਮਣ ਜਦੋਂ ਤੋਤਾ ਪਿੰਜਰਿਉ ਨਿਕਲਿਆਂ,
ਹੱਥ ਕੌਣ ਨਾ ਆਈ ।

* ਜਿਹੜੇ ਹੁੰਦੇ ਨੇ ਇਸ਼ਕ ਦੇ ਪਿਆਰੇ,
ਰੱਬ ਉਹਨਾਂ ਨੂੰ ਮੁਰਸ਼ਦ ਮਿਲਾਵਦਾ ਈ।
ਜਿਹੜਾ ਇਕ ਕੱਦਮ ਚੱਲੇ ਮੁਰ ਸ਼ਦ ਵੱਲ,
ਉਹ ਸੌ ਕੱਦਮ ਅਗੋਂ ਲੈਣ ਆਵਦਾਂ ਈ।
ਜਿਹਨਾਂ ਜਿਹਨਾਂ ਨੇ ਵੀ, ਇਸ਼ਕ ਦੀ ਰਾਹ ਮੱਲੀ,
ਸਾਰਾ ਜੱਗ ਉਹਨਾਂ ਦੇ ਗੀਤ ਗਾਂਵਦਾ ਈ।
ਕਹਿ ਲਛਮਣ ਜਿਨ੍ਹਾਂ ਨੂੰ ਹੁੰਦਾ ਏ ਮੁਰਸ਼ਦ ਨਾਲ ਇਸ਼ਕ,
ਉਹਨਾਂ ਨੂੰ ਹੋਰ ਕੁਝ ਨਾ ਭਾਂਵਦਾ ਈ।

* ਇਥੇ ਦੁਨੀਆਂ ਵੱਸਦੀ ਝੂਠੀ,
ਤੇ ਇਹ ਹਰਦਮ ਝੂਠੇ ਦਾਵੇ ਕਰਦੇ।
ਇਸਦੀ ਦੌਲਤ ਨੇ ਸਾਥ ਨਾ ਜਾਣਾ,
ਅਸੀਂ ਐਵੇਂ ਇਸ ਪਿਛੇ ਲੜ ਲੜ ਮਰਦੇ।
ਰੱਬੀ ਖਜਾਨਾ ਤੇਰੇ ਅੰਦਰ ਹੈਗਾ,
ਪਰ ਤੂੰ ਲੱਭਦਾ ਫਿਰੇ ਦਰ ਹਰ ਹਰ ਦੇ।
ਲਛਮਣ ਨੂੰ ਜਦੋਂ ਮੁਰਸ਼ਦ ਮਿਲਿਆ,
ਉਸਨੇ ਖੋਲ ਦਿਤੇ ਖਜਾਨੇ ਰੱਬ ਦੇ ਘਰ ਦੇ।

* ਮੇਰਾ ਪਾਟਾ ਚੋਲਾ ਹਰ ਥਾਂ ਤੋਂ, ਕੀ ਸੀਵੇਗਾ ਦਰਜੀ।
ਜਬ ਸੇ ਪੀਆ ਪ੍ਰਦੇਸ ਗਏ, ਤਬ ਸੇ ਮਿਲੇ ਮੋਹੇ ਸਭ ਗਰਜੀ।
ਦਿਲ ਟੂਟਾ ਅਪਨੋਂ ਸੇ, ਖਤਮ ਹੋ ਗਈ ਮੇਰੀ ਮਰਜੀ।
ਸੁਣ ਫਰਿਆਦ ਮੇਰੇ ਦਰਸ਼ਨ ਪੀਆ,
ਮੰਨਜੂਰ ਕਰ ਲਛਮਣ ਕੀ ਅਰਜੀ।

* ਬਖਸ਼ਿਸ਼ ਉਨਾਂ ਤੇ ਸਦਾ ਹੁੰਦੀ,
ਜਿਨ੍ਹਾਂ ਮੁਰ.ਸ਼ਦ ਨਾਲ ਦਿਲ ਲਾਇਆ ।
ਗੈਰਾਂ ਨੂੰ ਦਿਲ ਚੋਂ ਕੱਢ ਕੇ,
ਉਹਨਾਂ ਦਿਲ 'ਚ' ਦਿਲਵਰ ਵਸਾਇਆ ।
ਬਿਨ ਮੁਰ.ਸ਼ਦ ਜਿਹੜੇ ਰੱਬ ਨੂੰ ਲੱਭਦੇ,
ਉਹਨਾਂ ਦੇ ਹੱਥ ਕੁਛ ਨਾ ਆਇਆ
ਲਛਮਣ ਮੁਰ.ਸ਼ਦ ਵੀ ਉਹਨਾਂ ਨੂੰ ਮਿਲਦਾ,
ਜਿਹਨਾਂ ਧੁਰੋਂ ਲੇਖ ਲਖਾਇਆ

* ਸਾਕ ਸਬੰਧੀ ਕਰਨ ਫਰੇਬੀ,
ਉਨਕੀ ਈਰਖਾ ਬੱਦਲ ਵਾਂਗੂ ਗਰਜ ਦੀ ।
ਉਹ ਬਾਹਰੋਂ ਮਿਠੇ ਤੇ ਦਿਲ ਦੇ ਖੋਟੇ,
ਉਨ੍ਹਾਂ 'ਚ' ਨਾ ਬਫਾ ਨਾ ਹਮਦਰਦੀ ।
ਉਨਕਾ ਝੂਠ ਤੁੰਮੇ ਵਾਂਗੂ ਕੌੜਾ,
ਜਿਹੜਾ ਚੱਖਣ ਤੋਂ ਦੁਨੀਆਂ ਡਰਦੀ ।
ਕਹਿ ਲਛਮਣ ਬਿਨ ਮੁਰ.ਸ਼ਦ,
ਕੋਈ ਨਹੀਂ ਕਿਸੇ ਦਾ ਹਮਦਰਦੀ ।

* ਕਣ ਕਣ ਮੇਂ ਹੈ ਵਾਸ ਤੇਰਾ,
ਹਰ ਹਰ ਮੇਂ ਤੂੰ ਸਮਾਇਆ ਏ ।
ਮੈਂ ਨੇ ਤੋ ਕੁਛ ਵੀ ਨਹੀਂ ਲਿਖਾ,
ਤੂੰ ਨੇ ਹੱਥ ਪੱਕੜ ਲਿਖਵਾਇਆ ਏ ।
ਆਪੇ ਹੀ ਤੋ ਮੁਰ.ਸ਼ਦ ਨੇ ਦੀ ਹੈ ਮੋਹੇ ਕਲਮ,
ਲਛਮਣ ਆਪੇ ਹੀ ਉਹ ਹੁਣ ਸੁਣਨੇ ਕੋ ਆਇਆ ਏ ।

* ਵੈਸੇ ਤੋ ਲਾਖੋਂ ਹਸੀਂ ਹੈਂ ਜਹਾਂ,
ਮਗਰ ਤੁਮ ਜੈਸਾ ਕੋਈ ਹਸੀਂ ਨਹੀਂ ਹੈ ।
ਵੈਸੇ ਤੋ ਲਾਖੋ ਫਕੀਰ ਹੈਂ ਜਹਾਂ,
ਮਗਰ ਤੁਮ ਜੈਸਾ ਕੋਈ ਫਕੀਰ ਨਹੀਂ ਹੈ ।
ਵੈਸੇ ਤੋ ਸਭੀ ਹਮਦਰਦ ਹੈਂ ਜਹਾਂ,
ਮਗਰ ਤੁਮ ਜੈਸਾ ਕੋਈ ਹਮਦਰਦ ਨਹੀਂ ਹੈ ।
ਵੈਸੇ ਤੋ ਸਭੀ ਹੈਂ ਖੁਦਾ ਕੇ ਪਿਆਰੇ ਲਛਮਣ,
ਮਗਰ ਖੁਦਾਂ ਕੋ ਗੁਰੂ ਦਰਸ਼ਨ ਜੈਸਾ,
ਕੋਈ ਪਿਆਰਾ ਨਹੀਂ ਹੈਂ ।

* ਬਿਨ ਗੁਰੂ ਨਾ ਮਹਿਰਮ ਦਾ ਭੇਤ ਲੱਭੇ,
ਭਾਵੇਂ ਲੱਖ ਕੋਸ਼ਿਸ਼ਾ ਕਰੀਏ ।
ਬਿਨ ਗੁਰੂ ਨਹੀਂ ਕੋਈ ਆਪਣਾ,
ਭਾਵੇਂ ਦਿਨ ਰਾਤ ਧਰਮ ਗ੍ਰੰਥ ਪੜੀਏ ।
ਬਿਨ ਭਗਤੀ ਨਾ ਮਿਲੇ ਸ਼ਕਤੀ,
ਭਾਵੇਂ ਕਿਨੀ ਪਾਠ ਪੂਜਾ ਕਰੀਏ ।
ਬਿਨ ਪ੍ਰੇਮ ਨਾ ਲਛਮਣ ਪ੍ਰਭ ਮਿਲੇ,
ਭਾਵੇਂ ਕਿਨਾਂ ਪੁੰਨ ਦਾਨ ਕਰੀਏ ।

* ਫੁਲ ਬਾਗਾ ਵਿਚ ਹੀ ਨਹੀਂ,
ਉਜਾੜਾ ਵਿਚ ਵੀ ਪਾਏ ਜਾਂਦੇ ਨੇ ।
ਮੁਰਸ਼ਿਦ ਤੇ ਮੁਰੀਦ ਦੇ ਪਿਆਰ ਦੇ ਕਿਸੇ,
ਜੁਗਾਂ ਜੁਗੰਤਰ ਗਾਏ ਜਾਂਦੇ ਨੇ ।

ਬਸੰਤ ਰੁਤ ਆਉਣ ਤੇ, ਭੌਰੇ ਫੁੱਲਾਂ ਦੀ ਖੁਸ਼ਬੂ ਤੇ,
ਚਕਰ ਲਾਈ ਜਾਂਦੇ ਨੇ ।
ਕਹਿ ਲਛਮਣ ਏਕ ਕੀ ਪ੍ਰੀਤ ਸੇ,
ਚੌਰਾਸੀ ਕੇ ਫੰਦੇ ਕਟੇ ਜਾਂਦੇ ਨੇ ।

* ਦਰਦਾ ਦੀ ਸਾਰ ਦਰਦਵੰਦ ਜਾਨਣ,
ਬੇਦਰਦ ਨਾ ਜਾਨਣ ਸਾਡੀ ਬੋਲੀ ।
ਚਤਰ ਚਲਾਕਾ ਦੀ ਦੁਨੀਆਂ ਵਿਚ,
ਮੈਂ ਰਹੀ ਭੋਲੀ ਦੀ ਭੋਲੀ ।
ਤਨ ਤੇ ਪਈ ਉਠ ਕੇ ਚੂਲੇ ਤੋਂ ਚਿਣਗ,
ਤੇ ਮੇਰੀ ਸੜ ਗਈ ਚੋਲੀ ।
ਕਹਿ ਲਛਮਣ ਜੇ ਕੋਈ ਮਿਲਾ ਦੇ,
ਮੇਰਾ ਦਰਸ਼ਨ ਪ੍ਰਿਆਰਾ,
ਤਾਂ ਮੈਂ ਸਦਾ ਬਣ ਕੇ ਰਹਾਂ ਉਸਦੀ ਗੋਲੀ ।

* ਐ ਬੰਦੇ ਤੂੰ ਆਪਣੀ ਝੂਠ ਕਮਾਈ ਦਾ,
ਨਾ ਕਰ ਇੰਤਨਾ ਜੋਰ ।
ਗਾਫਲ ਦੀ ਨੀਦਰੋਂ ਤੂੰ ਜਾਗ ਕੇ ਵੇਖ,
ਤੈਨੂੰ ਉਡੀਕ ਰਹੀ ਹੈ ਗੋਰ ।
ਤੂੰ ਛੁਪਿਆ ਹਨੇਰੇ ਵਿਚ ਇੰਝ ਜਾਪੇ,
ਜਿਵੇਂ ਚੋਰੀ ਕਰਨ ਆਇਆ ਚੋਰ ।
ਲਛਮਣ ਲੇਖਾ ਮੰਗੇਸੀ ਗੁਰੂ ਦਰਸ਼ਨ,
ਫਿਰ ਤੇਰਾ ਕੋਈ ਨਾ ਚੱਲਣਾ ਜੋਰ ।

* ਦਿਲ ਮਿਲ ਜਾਣ ਤਾਂ, ਤੂੰ ਤੂੰ ਮੈ ਮੈ, ਖੱਤਮ ਹੋ ਜਾਂਦੀ॥
ਪਿਆਰ ਹੋ ਜਾਵੇ ਤਾ, ਚੁਤਰਾਈ ਨਹੀਂ ਵੇਖੀ ਜਾਂਦੀਂ॥
ਜਬ ਏਕ ਕੋ ਮਾਨ ਲਿਆ ਤਾਂ, ਔਰੋਂ ਕੀ ਸਰਕਨ ਨਹੀਂ ਵੇਖੀ ਜਾਂਦੀ।
ਜਬ ਸਰ ਝੁਕਾ ਦਿਆ, ਮੁਰਸ਼ਦ ਅੱਗੇ ਲਛਮਣ ਤਾਂ, ਨਜ਼ਰ ਤਿਰਛੀ ਨਹੀਂ ਕੀਤੀ ਜਾਂਦੀ॥

# ਭਾਗ ਤੀਜਾ

## ਸ਼ੇਅਰ

## "ਧੰਨ ਧੰਨ ਧੰਨ ਮਾਹਰਾਜ਼ ਦਰਸ਼ਨ ਦਾਸ ਜੀਉ"

### 'ਸ਼ੇਅਰ'

* ਮਾਹਰਾਜ਼ ਦਰਸ਼ਨ ਦਾਸ ਜੀ ਤੇ,
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ ਨੂੰ,
ਸ਼ਬਦ ਦੇ ਅਰਥ ਵਾਂਗ ਇਕੋ ਥਾਂ ਤੇ ਵੇਖ।
ਮਾਹਰਾਜ਼ ਦਰਸ਼ਨ ਦਾਸ ਜੀ ਤੇ,
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ ਨੂੰ,
ਅੱਖ ਤੇ ਨਿਗਾਹ ਵਾਂਗ ਅਡ ਅਡ ਵੀ ਤੇ,
ਇਕ ਥਾਂ ਤੇ ਵੀ ਵੇਖ।
ਮਾਹਰਾਜ਼ ਦਰਸ਼ਨ ਦਾਸ ਜੀ ਤੇ,
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ ਨੂੰ,
ਇਕ ਦੂਜੇ ਨਾਲੋਂ ਵੱਖਰਾ ਨਾ ਵੇਖ।
ਮਾਹਰਾਜ਼ ਦਰਸ਼ਨ ਦਾਸ ਜੀ ਤੇ,
ਮਾਹਰਾਣੀ ਪਾਲੀ ਦਰਸ਼ਨ ਦਾਸ ਜੀ ਨੂੰ,
ਤੂੰ ਫੁੱਲ ਤੇ ਖੁਸ਼ਬੂ ਵਾਂਗ ਲਛਮਣ,
ਹਰ ਥਾਂ ਇਕੱਠਿਆ ਵੇਖ।

* ਬੱਫਾ ਤੋ ਅਨਮੋਲ ਹੀਰਾ ਹੈ,
ਜਿਸਕੀ ਕੋਈ ਕੀਮਤ ਨਹੀਂ।
ਲਛਮਣ ਕੋ ਮਾਇਆ ਸੇ ਨਾ ਤੋਲੋ,
ਕਿਉਕਿ ਯੇ ਵਿਕਾਓ ਨਹੀਂ।

* ਮੇਰੇ ਪੀਰੇ ਮੁਰਸ਼ਦੇ, ਤੁਝੀ ਸੇ ਤੁਝ ਕੋ ਮਾਂਗ ਕਰ,
ਫਿਰ ਤੁਝੀ ਕੋ ਤੁਝੇ ਭੇਂਟ ਕਰੂ ।
ਜਬ ਲਛਮਣ ਕੇ ਪਾਸ ਕੁਛ ਹੈ ਹੀ ਨਹੀਂ,
ਤੋ ਫਿਰ ਤੂੰ ਹੀ ਬਤਾ ਗੁਰੂ ਦਰਸ਼ਨ,
ਤੁਝੇ ਕਿਆ ਭੇਂਟ ਕਰੂ ।

* ਤੇਰੀ ਅਵਾਜ ਦਰਸ਼ਨ, ਬੀਮਾਰੀਉ ਕਾ ਇਲਾਜ ਏ ।
ਤੇਰੇ ਧਾਮ ਕੀ ਦੀਦ ਦਰਸ਼ਨ, ਆਸ਼ਕੋਂ ਕੀ ਈਦ ਏ ।
ਤੇਰੀ ਰੱਚਨਾ ਦਰਸ਼ਨ, ਗਿਆਨ ਕਾ ਭੰਡਾਰ ਏ ।
ਕਹਿ ਲਛਮਣ ਸੁਣੋ ਦਾਸੋ,
ਗੁਰੂ ਦਰਸ਼ਨ ਹੀ ਵੱਕਤ ਕਾ ਮਾਲਕ ਏ ।

* ਲਛਮਣ ਯੇਹ ਤੋ ਕਰਮ ਹੈ ਗੁਰੂ ਦਰਸ਼ਨ ਕਾ,
ਜੋ ਬਾਤ ਅਬ ਤੱਕ ਬਣੀ ਆ ਰਹੀ ਹੈ ।

* ਤੇਰੇ ਨੈਂਣ ਦਰਸ਼ਨ, ਆਬੇ ਹਯਾਤ ਕਾ ਜਾਮ ਏ ।
ਤੇਰਾ ਨਾਂ ਦਰਸ਼ਨ, ਕਾਟੇ ਚੌਰਾਸੀ ਕਾ ਫੰਦਾ ਏ ।
ਤੇਰਾ ਦੀਦਾਰ ਦਰਸ਼ਨ,
ਜਨਮ ਮਰਨ ਕਾ ਦੁੱਖ ਮਟਾਵਦਾ ਏ ।
ਲਛਮਣ ਕੇ ਬੀਮਾਨ ਕਾ, ਦਰਸ਼ਨ ਹੀ ਕੱਪਤਾਨ ਏ ।

* ਦਰਸ਼ਨ ਦੇ ਬੀਮਾਰ ਦੀ ਗੱਲ ਸੁਣ ਕੇ,
ਆਇਆ ਗਲੀ ਮਹੱਲਾ ਵਿਹੜਾ ।
ਆਖਣ ਇਹ ਤਾਂ ਰੋਗ ਅਵੱਲੜਾ ਏ,
ਦੱਸੋ ਵੈਦ ਲਿਆਇਏ ਕਿਹੜਾ ।
ਸਿਆਣੇ ਕਹਿਣ ਭਾਪਾ ਜੀ ਇਹ ਰੋਗ ਹੈ ਵਿਖੜਾ ।
ਲਛਮਣ ਉਹ ਕੀ ਜਾਨਣ ਰੋਗ ਨੂੰ,
ਗੁਰੂ ਨਾਨਕ ਵੈਦ ਨੇਲਾਇਆ ਜਿਹੜਾ।

* ਗੁਰੂ ਦਰਸ਼ਨ ਬਖਸ਼ ਲਈ ਗੁਨਾਹ ਮੇਰੇ,
ਜੋ ਮੈਂ ਨੇ ਕੀਏ ਹੈਂ, ਅਬ ਤੱਕ ।
ਮੇਰੇ ਸਵਾਸੋਂ ਕੋ ਰੋਕ ਲੇਨਾ ਦਰਸ਼ਨ,
ਜਬ ਤੱਕ ਲਛਮਣ ਨਾ ਪਹੁੰਚ ਜਾਏ,
ਆਪਣੀ ਮੰਜਲ ਤੱਕ ।

* ਲਛਮਣ ਯੇਹ ਤੋ ਕਰਮ ਹੈ ਗੁਰੂ ਦਰਸ਼ਨ ਕਾ,
ਉਸ ਕੇ ਨਾਮ ਕੇ ਵਗੈਰ,
ਗੈਰੋਂ ਕਾ ਚਰਚਾ ਨਹੀਂ ਹੋਤਾ ।

* ਲਛਮਣ ਕੋ ਨਾ ਭੁਲੇਗੀ ਮਾਹਰਾਜ਼ ਸੇ,
ਹੋਈ ਪਹਿਲੀ ਮੁਲਾਕਾਤ,
ਵੋਹ ਮੁਸਕਰਾਏ ਤੋ ਐਸਾ ਲੱਗਾ,
ਕਿ ਯੇਹ ਮੇਰਾ ਕਿਤੇ ਖ਼ਾਬ ਤੋਂ ਨਹੀਂ ।

* ਕਿਉ ਨਾ ਉਹ ਟੱਪਣ-ਨੱਚਣ,
ਜਿਹੜੇ ਮਾਹਰਾਜ਼ ਜੀ ਨੇ,
ਆਪਣੇ ਰੰਗ 'ਚ' ਰੰਗੇ ਹੋਏ ਨੇ ।
ਲਛਮਣ ਉਹ ਨਾ ਬੇਬਫਾ ਹੋਵਣ,
ਜਿਹੜੇ ਮਾਹਰਾਜ਼ ਜੀ ਨੇ,
ਆਪਣੇ ਵਹੀ ਖਾਤੇ 'ਚ' ਲਿਖੇ ਹੋਏ ਨੇ ।

* ਮੁਰਸ਼ਦ ਕੀ ਮੁਹੱਬਤ ਲਈ,
ਦਿਲ ਮੇਂ ਖਾਸ ਜਗਾਂ ਹੋਤੀ ਹੈ,
ਯੇਹ ਵੋਹ ਨਗਮਾ ਹੈ ਲਛਮਣ,
ਜਿਸੇ ਹਰ ਜਗਾਂ ਸੁਣਾਇਆ ਨਹੀਂ ਜਾਤਾ ।

* ਐ ਦਾਸੋ ਮੋਹੇ ਚਿਤਾ ਪਰ ਰੱਖਨੇ ਸੇ ਪਹਿਲੇ,
ਮੇਰੀ ਲਾਸ਼ ਸੇ ਦਿਲ ਨਿਕਾਲ ਲੇਨਾ,
ਕਹੀਂ ਵੋਹ ਆਗ ਮੇਂ ਜਲ ਨਾ ਜਾਏ,
ਕਿਉਂਕਿ ਇਸਕੇ ਦਿਲ ਕੀ ਗੁਫਾ ਮੇਂ,
ਲਛਮਣ ਕਾ ਗੁਰੂ ਦਰਸ਼ਨ ਰਹਿਤਾ ਹੈ ।

* ਐ ਝਾਕਨੇ ਵਾਲੇ, ਲਛਮਣ ਕੇ ਦਿਲ ਮੇਂ ਝਾਕ ਕੇ ਵੇਖ,
ਸਵਾਏ ਗੁਰੂ ਦਰਸ਼ਨ ਕੇ, ਔਰੋਂ ਕਾ ਚਰਚਾ ਨਹੀਂ ਹੋਤਾ।

* ਲੋਗ ਕਾਟੋਂ ਸੇ ਬਚਕਰ ਚਲਤੇ ਹੈਂ,
ਹਮ ਨੇ ਫੂਲੋਂ ਸੇ ਜ਼ੱਖਮ ਖਾਏ ਹੈਂ।
ਤੁਮ ਔਰੋਂ ਸੇ ਗਿਲਾ ਕਰਤੇ ਹੋ,
ਲਛਮਣ ਕੋ ਅਪਨੋਂ ਨੇ,
ਵਿਸ਼ ਕਿ ਪਿਆਲੇ ਪਿਲਾਏ ਹੈਂ।

* ਲਛਮਣ ਤੇਰੀ ਦੀਦ ਕੇ ਕਾਬਲ ਨਹੀਂ ਹੈ ਦਰਸ਼ਨ,
ਅੰਦਰ ਝਾਤੀ ਮਾਰ ਕੇ ਮੇਰੇ ਸ਼ੌਕ ਔਰ ਬੱਫਾ ਕੋ ਵੇਖ।

* ਵੋਹ ਅਜਨਵੀ ਬਣ ਕੇ ਗੁਜਰ ਗਿਆ,
ਲਛਮਣ ਵੋਹ ਰੁਕਾ ਹੀ ਨਹੀਂ।
ਵੋਹ ਰੁਕਤਾ ਕੈਸੇ ਕਿਉਂਕਿ ਹਮਨੇ ਪੁਕਾਰਾ ਹੀ ਨਹੀਂ।

* ਜਬ ਕੁਛ ਨਾ ਥਾ, ਮਗਰ ਮੋਹੇ ਲੱਗਤਾ ਥਾ,
ਕਿ ਮੇਰੇ ਪਾਸ ਸੱਭ ਕੁਛ ਹੈ।
ਅਬ ਸੱਭ ਕੁਛ ਹੈ, ਮਗਰ ਲੱਗਤਾ ਹੈ ਮੋਹਿ,
ਕਿ ਮੇਰੇ ਪਾਸ ਕੁਛ ਵੀ ਨਹੀਂ ਹੈ।
ਇਸਕਾ ਏਕ ਹੀ ਕਾਰਨ ਹੈ, ਕਿ ਦਾਤਾ ਘਰ ਨਹੀਂ,
ਤੋ ਦਾਤੋਂ ਕਾ ਕਿਆ ਕਰਨਾ।

* ਮੈਂ ਤੋ ਸੋਚਦਾ ਸੀ ਕਿ ਮੈਂ ਕੋਈ,
ਮਾੜਾ ਕੰਮ ਨਹੀਂ ਕਰਦਾ।
ਪਰ ਮਾਹਰਾਜ਼ ਜੀ ਤੇਰੇ ਦਾਸ ਕਹਿੰਦੇ ਨੇ,
ਮੈਂ ਕੋਈ ਚੰਗਾ ਕੰਮ ਨਹੀਂ ਕਰਦਾ।
ਮੇਰੇ ਪਾਸ ਚੰਗੇ ਮੰਦੇ ਦਾ, ਕੋਈ ਵਹੀ ਖਾਤਾ ਨਹੀਂ।
ਪਰ ਗੁਰੂ ਦਰਸ਼ਨ ਤੇਰੇ ਪਾਸ ਹੈ,
ਲਛਮਣ ਦਾ ਵਹੀ ਖਾਤਾ,
ਕਿ ਕੀ ਇਹ ਚੰਗਾ ਜਾਂ ਮਾੜਾ ਕਰਦਾ।

* ਮੇਰੀ ਆਬਰੂ ਹੈ ਬੱਫਾ, ਇਸੇ ਬੱਫਾ ਹੀ ਰਹਿਨੇ ਦੋ।
ਤੁਮ ਨਹੀਂ ਜਾਨਤੇ, ਕਿ ਤੁਮ ਕਿਆ ਕਰ ਰਹੇ ਹੋ,
ਪਲੀਸ ਇਸੇ ਜਫ਼ਾ ਕਾ ਨਾਮ ਮੱਤ ਦੋ।
ਮੇਰਾ ਦਿਲ ਨਾ ਦੁਖਾਨਾ,
ਯੇ ਮੇਰੇ ਮੁਰਸ਼ਦ ਕੋ ਰਾਸ ਨਹੀਂ,
ਇਸ ਲਿਏ ਮੁਝ ਸੇ ਕਹੀਂ ਸੇ ਬਾਤ ਕਰੋ,
ਮਗਰ ਸੰਭਲ ਕੇ,
ਫਿਰ ਨਾ ਕਹਿਨਾ ਲਛਮਣ, ਮੁਝੇ ਉਨਸੇ ਬਚਾ ਦੋ।

* ਲਛਮਣ ਕੀ ਜਿੰਦਗੀ,
ਤੁਮਾਰੀ ਅਮਾਨਤ ਹੈ ਗੁਰੂ ਦਰਸ਼ਨ,
ਇਸੇ ਬਨਾਕਰ ਕ੍ਰਾਤੀਕਾਰੀ,
ਇਸੇ ਕ੍ਰਾਤੀ ਮੇਂ ਲਗਾਈ ਰੱਖਨਾ।

*　　ਸਾਰਾ ਜੱਗ ਢੂੰਡਿਆ, ਨਹੀਂ ਮਿਲਾ ਤੇਰੇ ਵਰਗਾ ।
ਰੱਬ ਹਰ ਥਾਂ ਮਿਲਿਆ,
ਪਰ ਉਹ ਨਹੀਂ ਸੀ ਤੇਰੇ ਵਰਗਾ ।
ਵੋਹ ਛੋੜ ਗਏ, ਪਰ ਲਛਮਣ ਕਹਾਂ ਜਾਏ ਛੋੜ ਕੇ,
ਜਦ ਕੋਈ ਨਹੀਂ ਦਰਸ਼ਨ ਤੇਰੇ ਵਰਗਾ ।

*　　ਵੋਹ ਬੇਗਾਨੇ ਬਨ ਗਏ, ਕਿਸੀ ਕੋ ਪਤਾ ਈ ਨਹੀਂ ।
ਖਬਰ ਰੱਖਤੇ ਹੈਂ ਵੋਹ ਇਸ ਤਰਾਂ,
ਜੈਸੇ ਕੋਈ ਖਬਰ ਨਹੀਂ ।
ਯਹੀ ਹਕੀਕਤ ਹੈ ਇਸੇ ਸਮਝੋ ਨਹੀਂ ਤੋਂ ਪੁਛਤਾਹੋਗੇ,
ਜਦ ਦਰਸ਼ਨੌਲੇਖਾ ਮੰਗਿਆ ਲ਼ਛਮਣ,
ਫਿਰ ਨਾ ਕਹਿਨਾ ਮੁਝੇ ਕੁਛ ਪਤਾ ਨਹੀਂ ।

*　　ਮਾਹਰਾਜ਼ ਜੀ ਤੇਰੇ ਹੁਸਨ ਦੀ ਕੀ ਮੈਂ ਸਿਫਤ ਕਰਾਂ,
ਜਿਸਨੂੰ ਤੁਸੀਂ ਪਿਆਰ ਦੀ ਦ੍ਰਿਸ਼ਟੀ ਨਾਲ ਤਕਦੇ ਹੋ,
ਉਹੀ ਸੁਧ ਬੁਧ ਭੁਲ ਜਾਂਦਾ,
ਤੇ ਉਹ ਤਾਬ ਤੇਰੇ ਹੁਸਨ ਦੀ ਨਹੀਂ ਝਲ ਸਕਦਾ ।

* ਸਦੀਆ ਬੀਤ ਗਈਆ,
ਮਹਿਰਮ ਕੋ ਢੂੰਡਤੇ ਢੂੰਡਤੇ,
ਮਗਰ ਜਬ ਵੋਹ ਮਿਲਾ ਤੋ ਪੱਤਾ ਹੀ ਨਹੀਂ ਲੱਗਾ,
ਕਿ ਯੇਹ ਤੋ ਵੋਹੀ ਥਾ,
ਜਿਸਕੀ ਮੁਝੇ ਸਦੀਉ ਸੇ ਤਲਾਸ਼ ਥੀ,
ਮਗਰ ਅਬ ਦੇਰ ਹੋ ਚੁਕੀ ਥੀ,
ਕਿਉਕਿ ਵੋਹ ਜਾ ਚੁਕਾ ਥਾ ।

* ਮੁਝੇ ਕੀਸੀ ਕੀ ਪਰਵਾਹ ਨਹੀਂ,
ਔਰ ਨਾ ਹੀ ਮੈਂ ਕਿਸੀ ਕੀ ਪਰਵਾਹ ਕਰਤਾ ਹੂੰ ।
ਮਗਰ ਮੁਝੇ ਤੇਰੀ ਪਰਵਾਹ ਹੈ ਗੁਰੂ ਦਰਸ਼ਨ,
ਇਸ ਲੀਏ ਲਛਮਣ ਕੋ ਐਸਾ ਵਰ ਦੋ,
ਕਿ ਆਪ ਹਰ ਜਨਮ ਮੇਂ ਮੇਰੀ ਪਰਵਾਹ ਕਰੋਗੇ ।

* ਏਕੋ ਤੱਲਬ ਹੈ ਦਾਸ ਦੀ, ਕਬ ਹੋਗੇਂ ਦਰਸ ਤੁਮਾਰੇ ।
ਕਬ ਹੋਸੀ ਰੌਸ਼ਨੀ ਦਰਬਾਰ ਮੇਂ,
ਜੋ ਪਿਆ ਵਿਚ ਅੰਧਕਾਰੇ ।
ਕਰੋ ਕਿਰਪਾ ਦਾਸੋ ਪਰ,
ਜੋ ਸ਼ਾਤੀ ਕਾ ਰਾਹ ਅਪਨਾਵਣ,
ਕਹੇ ਲਛਮਣ ਮਾਹਰਾਜ਼ ਜੀ,
ਤੇਰੇ ਨਾਂ ਦੇ ਘਰ ਘਰ ਵੱਜਣ ਨਗਾਰੇ ।

* ਜਬ ਸੇ ਵੇਖਾ ਹੈ ਦਰਸ਼ਨ ਕੋ,
ਤਬ ਸੇ ਮੁਝੇ ਕੋਈ ਜਚਤਾ ਹੀ ਨਹੀਂ ।
ਈਹਾਂ ਉਹਾਂ ਡਿਠਾ ਸਭ ਕੋ,
ਮਗਰ ਮੇਰੇ ਮੁਰਸ਼ਦ ਜੈਸਾ ਕੋਈ ਵੀ ਨਹੀ ।
ਲੇ ਜਾਉ ਲੇ ਜਾਉ ਉਸ ਪੁਕਾਰਾ ਨਿਸ ਦਿਨ,
ਮਗਰ ਕੋਈ ਲੇਨੇ ਵਾਲਾ ਆਇਆ ਹੀ ਨਹੀਂ ।
ਮੋਹੇ ਨਿਵਾਜਾਂ ਹੈ ਗੁਰੂ ਦਰਸ਼ਨ ਨੇ,
ਵਰਨਾ ਲਛਮਣ ਜੈਸਾ ਕੋਈ ਨਿਕੰਮਾ ਹੀ ਨਹੀਂ ।

* ਹਮ ਹੈਂ ਉਸ ਦਰੱਖਤ ਕੀ ਤਰਾਂ,
ਜੋ ਖੜਾ ਹੈ ਨਦੀ ਕਿਨਾਰੇ,
ਜਬ ਵਾੜ ਆਈ, ਵੈਹ ਗਿਆ,
ਵਹਤੇ ਹੂੰਏ ਦਰਖਤ ਨੇ,
ਆਪਣੇ ਮਿਤਰ ਕਿਨਾਰੇ ਸੇ ਕਹਾ,
ਅਰੇ ਮਿਤਰ ਤੂੰ ਹੀ ਤੋ ਥਾ, ਮੇਰਾ ਏਕ ਸਹਾਰਾ,
ਫਿਰ ਤੂੰ ਨੇ ਮੇਰਾ ਸਾਥ ਕਿਉ ਛੋੜ ਦਿਆ,
ਬੇਬਸ, ਬੇਸਹਾਰਾ ਕਿਨਾਰੇ ਨੇ ਕਹਾ ਦਰੱਖਤ ਸੇ,
ਸੁਣ ਮੇਰੇ ਮਿਤਰ, ਮੈਂ ਕੁਛ ਕਰਨਾ ਚਾਹਾ,
ਪਰ ਪਾਣੀ ਕੀ ਤੇਜ ਧਾਰਾ ਕੇ ਵੇਗ ਕੇ ਆਗੇ,
ਕੁਛ ਕਰ ਨਾ ਸਕਾ,
ਉਸ ਕਿਨਾਰੇ ਕੀ ਤਰਾਂ, ਹਮ ਵੀ ਤੋ ਸਭੀ ਬੇਬਸ ਹੈਂ,
ਕੁਛ ਨਹੀਂ ਕਰ ਸਕਤੇ, ਭਗਵਾਨ ਕੇ ਆਗੇ,
ਜਦੀ ਤੁਮ ਬਚਨਾ ਚਾਹਤੇ ਹੋ ਲਛਮਣ,
ਤੋ ਬਫਾ ਨਿਭਾਉ ਮੁਰਸ਼ਦ ਸੇ,
ਜੋ ਬਚਾ ਲੇ ਤੁਝੇ ਸਭ ਮੁਸੀਬਤੋ ਸੇ।

* ਲਛਮਣ ਮਾਹਰਾਣੀ ਪਾਲੀ ਦਰਸ਼ਨ ਦਾਸ ਜੀ,
ਔਰ ਮਾਹਰਾਜ਼ ਦਰਸ਼ਨ ਦਾਸ ਜੀ ਨੂੰ,
ਵੱਖਰਾ ਵੱਖਰਾ ਨਾ ਜਾਣ।
ਇਹ ਦੋ ਕਲਬੂਤ ਤੇ ਇਕ ਜੋਤ ਨੇ,
ਜੇਹ ਖੁਦਾ ਕਾ ਫੁਰਮਾਨ .

* ਨਾ ਜਾਨੇ ਕਿਉ ਮੇਰੀ ਆਂਖੇ ਵਰਸਨੇ ਲਗਤੀ ਹੈ,
ਤੇਰੀ ਯਾਦ ਮੇਂ,
ਸਚ ਤੋ ਯੇਹ ਹੈ ਕਿ,
ਇਨਹੇਂ ਇੰਤਜਾਰ ਰਹਿਤਾ ਹੈ ਆਪਕਾ ।

* ਆਪ ਤੋ ਮਸਰੂਫ ਰਹਤੇ ਹੈਂ ਦਾਸੋ ਮੇਂ ।
ਕਭੀ ਇਸ ਨਾਚੀਜ ਲਛਮਣ ਪਰ ਵੀ,
ਦ੍ਰਿਸ਼ਟੀ ਪਾ ਦੇਨਾ,
ਕਹੀਂ ਦੰਮ. ਨਾ ਨਿਕਲ ਜਾਏ ਤੇਰੇ ਇੰਤਜਾਰ ਮੇਂ ।

* ਹੂਰਾਂ ਪਰੀਆਂ ਤੇ ਅਪਸਰਾਂ ਵੇਖ ਕੇ,
ਲਛਮਣ ਦੀ ਰੂਹ ਨਾ ਮਰੀ,
ਪਰ ਸਚਖੰਡਿ ਵਿਚ ਗੁਰੂ ਦਰਸ਼ਨ ਅਗੇ,
ਮੇਰੀ ਰੂਹ ਪਿਆਰ ਸੇ ਨਚੀ।

* ਜੇ ਕੋਈ ਮੁਝ ਸੇ ਪੁਛੇ ਕਿ ਅਛਾ ਕੌਨ ਹੈ,
ਲਛਮਣ ਤੋ ਸਿਰਫ ਯਹੀ ਕਹੇ,
ਕਿ ਜੋ ਸਨਮ ਕੇ ਬਫ਼ਾਦਾਰ ਹੈ, ਵੋਹੀ ਅਛੇ ਹੈਂ ।

* ਦੋਸਤ ਮਿਤਰ ਮਿਲ਼ੇ ਮੇਲੇ ਮੇਂ,
ਫਿਰ ਵੀ ਉਜਾੜ ਬੀਆਬਾਨ ਹੈ,
ਲਛਮਣ ਕੋ ਮਿਲਾ ਦਿਲਦਾਰ ਉਜਾੜ ਬਿਆਬਾਨ ਮੇਂ,
ਫਿਰ ਵੀ ਬਹਾਰ ਹੈ ।

* ਉਠੋ ਜਾਗੋ ਕਿਉ ਆਪ ਸੋਏ ਹੂਏ ਹੈਂ,
ਗਾਫਲ ਕੀ ਨੀਦ ਮੇਂ।
ਮੇਰਾ ਦਿਲ ਮੁਝ ਸੇ ਕਹਿਤਾ ਹੈ,
ਕਿਉ ਤੂੰ ਫਸ ਗਿਆ ਲਛਮਣ,
ਇਨ ਬੇਬਫਾਉ ਕੇ ਦੰਗਲ ਮੇਂ।

* ਆਬ ਨੂੰ ਕਿਹਾ ਲਛਮਣ ਨੇ,
ਦਸ ਕੋਈ ਨੇਕੀ ਦੀ ਗਲ।
ਬਿਨ ਪੁਛਿਆ ਵਗ ਤੁਰਿਆ ਆਬ ਨਿਵਾਣ ਨੂੰ,
ਨਾ ਕੋਈ ਵਲ ਨਾ ਛਲ।

* ਆ ਗਈ ਲਛਮਣ ਕੋ ਜਾਂਚ,
ਉਚਾ ਸਿਰ ਕਰਕੇ ਤੁਰਨ ਦੀ,
ਜਦੋਂ ਦਾ ਮੈਂ ਆ ਗਿਆ, ਬੇਬਫਾਉਂ ਕੇ ਸ਼ਹਿਰ ਮੇਂ।

* ਲਛਮਣ ਜੇ ਚੇਲਾ ਹੋਵੇ ਲਾਇਕ,
ਤਾਂ ਮੁਰਸ਼ਿਦ ਦੀ ਅਡੀ ਧਰਤੀ ਤੇ ਲਗਦੀ ਨਾ।
ਜੇ ਉਹ ਸਾਰੀ ਦੌਲਤ ਵੀ ਲੁਟਾ ਦੇਵੇ,
ਤਾਂ ਵੀ ਮੁਰਸ਼ਿਦ ਦੀ ਦੌਲਤ ਕਦੇ ਘਟਤੀ ਨਾ।

* ਹੋਟੋ ਪੇ ਆ ਜਾਤੀ ਹੈ, ਹਰ ਬਾਰ ਕਿਆ ਕਰੂੰ,
ਸੱਚਾਈ ਕੋ ਛੁਪਾਨੇ ਮੇਂ ਮਾਹਿਰ ਨਹੀਂ ਹੂੰ ਮੈਂ।

* ਲਛਮਣ ਸਿਕਾ ਤਿਨਾਂ ਦਾ ਦੁਨੀਆ 'ਚ',
ਉਨਾਂ ਦਾ ਚਲਦਾ ਨਾਊ।
ਜਿਨਕਾ ਚਲਦਾ ਨਾਊ,
ਉਹੀ ਭਵਸਾਗਰ ਪਾਰ ਕਰਾਊ।

* ਐ ਮੇਰੇ ਕਾਮਿਲੇ ਮੁਰਸ਼ਦੇ, ਮੈਂ ਕਿਆ ਕਹੂੰ ਤੁਝੇ,
ਆਪ ਤੋ ਸਭ ਕੁਛ ਜਾਨਤੇ ਹੈਂ,
ਫਿਰ ਵੀ ਤੁਧ ਆਗੇ ਦਾਸ ਕੀ ਇਲਤਜਾ ਹੈ,
ਕਿ ਆਪਣੇ ਦਾਸੋਂ ਮੇਂ,
ਪਿਆਰ ਕੀ ਸ਼ਕਤੀ ਭਰ ਦੋ।
ਖਾਲੀ ਨਾ ਜਾਏ ਕੋਈ ਵੀ ਤੇਰੇ ਦਰ ਸੇ,
ਆਪਣੇ ਦਾਸੋਂ ਕੀ,
ਸਭੀ ਮਨੋਕਾਮਨਾਓ ਕੋ ਪੂਰਾ ਕਰ ਦੋ।
ਮਾਹਰਾਜ਼ ਜੀ ਤੇਰੇ ਦਾਸ ਤੇਰੇ ਦਰਬਾਰ ਮੇਂ,
ਝੋਲੀਆ ਫਲਾਏ ਬੈਠੇ ਹੈਂ,
ਇਨਕੀ ਝੋਲੀਆ ਨਿਆਮਤੋਂ ਸੇ ਭਰ ਦੋ।
ਲਛਮਣ ਤੋ ਹੈ ਤੇਰੇ ਦਰੰਬਾਰ ਕਾ ਕੂਕਰ,
ਇਸਕੀ ਅਵਾਜ ਕੋ ਬਲੰਦ ਕਰ ਦੋ।

* ਹਕ ਉਨਸੇ ਬਫਾ ਕੀ ਉਮੀਦ ਰੱਖਤੇ ਥੇ,
ਯੇਹ ਲਛਮਣ ਤੇਰੀ ਸਭ ਸੇ ਬੜੀ ਭੂਲ ਥੀ,
ਕਿਉਕਿ ਵੋਹ ਤੋ ਜਾਨਤੇ ਹੀ ਨਹੀਂ,
ਕਿ ਬਫਾ ਕਿਆ ਹੋਤੀ ਹੈ।